TOURIST VISA USA CANADA
SCHENGEN/ UK AUSTRALIA/ NZ
1140 VISA
1 ਜਨਵਰੀ 2025 ਤੋਂ 18 ਜੂਨ 2025 ਤੱਕ ਲੱਗੇ
easyvisa
8283 000800

ਰੋਜ਼ਾਨਾ
# ਲੋਕ ਬਾਣੀ
ਸੱਚ ਤੇ ਨਿਡਰ ਆਵਾਜ਼
ਮੁੱਖ ਸੰਪਾਦਕ : ਅਮਨਦੀਪ ਮਹਿਰਾ
Daily Lokbani, Jalandhar
ਮੰਗਲਵਾਰ, 29 ਜੁਲਾਈ, 2025
Email : lokbani08@gmail.com

ਧੰਨਵਾਦ
ਹਰ ਦਿਨ ਪੰਜਾਬ ਭਰ 'ਚੋਂ ਅਦਾਰੇ ਨੂੰ ਮਿਲ ਰਹੇ ਸਹਿਯੋਗ ਲਈ ਦਿਲੋਂ ਧੰਨਵਾਦ



ਮੁੱਖ ਸੰਪਾਦਕ : ਅਮਨਦੀਪ ਮਹਿਰਾ

R. N. I. Punpun/29016/2008 ਸਾਲ : 16 ਅੰਕ: 344 ਮੁੱਲ : 06 ਰੁਪਏ • ਕੁੱਲ ਪੰਨੇ : 10, ਦਫ਼ਤਰ : 2211009, M : +91 99155 94111

1140 VISA
1 ਜਨਵਰੀ 2025 ਤੋਂ 18 ਜੂਨ 2025 ਤੱਕ ਲੱਗੇ
TOURIST VISA
CANADA/ USA
SCHENGEN/ AUSTRALIA/ UK/ NZ
easyvisa
8283 000800
ਅਪਲਾਈ ਕਰਨ ਤੋਂ ਪਹਿਲਾਂ ਲੱਗੇ ਹੋਏ ਵੀਜ਼ਾ ਜ਼ਰੂਰ ਚੈਕ ਕਰੋ ਫਿਰ ਅਪਲਾਈ ਕਰੋ

## ਵਾਲਮਾਰਟ ਸਟੋਰ ਵਿੱਚ ਚਾਕੂ ਨਾਲ ਕੀਤੇ ਹਮਲੇ 'ਚ 11 ਵਿਅਕਤੀ ਜ਼ਖ਼ਮੀ

ਵਾਸ਼ਿੰਗਟਨ (ਲੋਕ ਬਾਣੀ)-ਅਮਰੀਕਾ ਦੀ ਟਰੈਵਰਸ ਸਿਟੀ ਦੇ ਵਾਲਮਾਰਟ ਸਟੋਰ ਵਿੱਚ ਸ਼ਨਿਚਰਵਾਰ ਨੂੰ ਘੱਟੋ-ਘੱਟ 11 ਵਿਅਕਤੀਆਂ 'ਤੇ ਚਾਕੂ ਨਾਲ ਹਮਲਾ ਕੀਤਾ ਗਿਆ, ਜਿਨ੍ਹਾਂ ਵਿੱਚੋਂ ਛੇ ਦੀ ਹਾਲਤ ਗੰਭੀਰ ਹੈ। ਅਧਿਕਾਰੀਆਂ ਨੇ ਇਹ ਜਾਣਕਾਰੀ ਦਿੱਤੀ। ਉਨ੍ਹਾਂ ਦੱਸਿਆ ਕਿ ਇਸ ਮਾਮਲੇ ਵਿੱਚ ਸ਼ੱਕੀ ਹਮਲਾਵਰ ਨੂੰ ਹਿਰਾਸਤ 'ਚ ਲੈ ਲਿਆ ਗਿਆ ਹੈ।

ਗਰੈਂਡ ਟਰੈਵਰਸ ਕਾਊਂਟੀ ਦੇ ਸ਼ੈਰਿਫ ਮਾਈਕਲ ਸ਼ੀਆ ਨੇ ਮੀਡੀਆ ਨੂੰ ਦੱਸਿਆ ਕਿ ਇਸ ਹਮਲੇ ਵਿੱਚ ਘੱਟੋ-ਘੱਟ 11 ਵਿਅਕਤੀ ਜ਼ਖ਼ਮੀ ਹੋਏ ਹਨ। ਟਰੈਵਰਸ ਸਿਟੀ ਤੋਂ ਲਗਪਗ 25 ਮੀਲ ਦੂਰ ਔਨਰ ਵਿੱਚ ਰਹਿਣ ਵਾਲੀ 36 ਸਾਲਾ ਟਿਫਨੀ ਡੈਫੈਲ ਨੇ ਦੱਸਿਆ ਕਿ ਜਦੋਂ ਉਹ ਪਾਰਕਿੰਗ ਵਾਲੀ ਥਾਂ 'ਤੇ ਮੌਜੂਦ ਸੀ ਤਾਂ ਉਸ ਨੇ ਆਪਣੇ ਆਸ-ਪਾਸ ਹਫ਼ੜਾ-ਦਫ਼ੜੀ ਮਚੀ ਦੇਖੀ। ਉਸ ਨੇ ਕਿਹਾ, "ਇਹ ਅਸਲੀਅਤ ਵਿੱਚ ਡਰਾਉਣਾ ਸੀ। ਮੈਂ ਤੇ ਮੇਰੀ ਭੈਣ ਬਹੁਤ ਘਬਰਾ ਗਏ ਸੀ।"

# ਪਹਿਲਗਾਮ ਅਤਿਵਾਦੀ ਹਮਲੇ ਦੇ ਸਾਜ਼ਿਸ਼ਘਾੜੇ ਸੁਲੇਮਾਨ ਸ਼ਾਹ ਸਣੇ ਤਿੰਨ ਅਤਿਵਾਦੀ ਹਲਾਕ

### ਇੱਕ ਅਤਿਵਾਦੀ ਸੋਨਮਰਗ ਸੁਰੰਗ ਪ੍ਰਾਜੈਕਟ 'ਤੇ ਹੋਏ ਹਮਲੇ ਨਾਲ ਸਬੰਧਤ

ਜੰਮੂ (ਲੋਕ ਬਾਣੀ)-ਜੰਮੂ ਕਸ਼ਮੀਰ 'ਚ ਸ੍ਰੀਨਗਰ ਦੇ ਬਾਹਰ-ਵਾਰ ਜੰਗਲੀ ਇਲਾਕੇ 'ਚ ਅੱਜ ਸੈਨਾ ਦੇ ਪੈਰਾ ਕਮਾਂਡੋ ਨੇ 'ਅਪਰੇਸ਼ਨ ਮਹਾਦੇਵ' ਤਹਿਤ ਮੁਕਾਬਲੇ 'ਚ ਪਹਿਲਗਾਮ ਅਤਿਵਾਦੀ ਹਮਲੇ ਦੇ ਮੁੱਖ ਸਰਗਣੇ ਅਤੇ ਉਸ ਦੇ ਦੋ ਸਾਥੀਆਂ ਨੂੰ ਮਾਰ ਮੁਕਾਇਆ ਹੈ ਜਿਸ ਨੂੰ ਇੱਕ ਵੱਡੀ ਪ੍ਰਾਪਤੀ ਵਜੋਂ ਦੇਖਿਆ ਜਾ ਰਿਹਾ ਹੈ। ਇਨ੍ਹਾਂ 'ਚੋਂ ਇੱਕ ਪਿਛਲੇ ਸਾਲ ਸੋਨਮਰਗ ਸੁਰੰਗ ਪ੍ਰਾਜੈਕਟ 'ਤੇ ਹੋਏ ਹਮਲੇ 'ਚ ਸ਼ਾਮਲ ਸੀ।



ਅਧਿਕਾਰੀਆਂ ਨੇ ਦੱਸਿਆ ਕਿ 22 ਅਪਰੈਲ ਦੇ ਪਹਿਲਗਾਮ ਹਮਲੇ ਦਾ ਮੁੱਖ ਸਰਗਣਾ ਮੰਨਿਆ ਜਾ ਰਿਹਾ ਸੁਲੇਮਾਨ ਉਰਫ਼ ਆਸਿਫ ਅੱਜ ਉਸ ਸਮੇਂ ਮਾਰਿਆ ਗਿਆ ਜਦੋਂ ਸੁਰੱਖਿਆ ਬਲਾਂ ਨੇ ਇੱਕ ਤਕਨੀਕੀ ਸੰਕੇਤ ਮਿਲਣ ਮਗਰੋਂ ਮੁਹਿੰਮ ਸ਼ੁਰੂ ਕੀਤੀ। ਉਨ੍ਹਾਂ ਦੱਸਿਆ ਕਿ ਇਹ ਤਕਨੀਕੀ ਸੰਕੇਤ ਇੱਕ ਅਜਿਹੇ ਸੈਟੇਲਾਈਟ ਫੋਨ ਦੀ ਵਰਤੋਂ ਵੱਲ ਇਸ਼ਾਰਾ ਕਰ ਰਿਹਾ ਸੀ ਜਿਸ ਦੀ ਵਰਤੋਂ ਪਹਿਲਗਾਮ ਹਮਲੇ ਦੇ ਦੋਸ਼ੀਆਂ ਨੇ ਕੀਤੀ ਸੀ। ਉਨ੍ਹਾਂ ਦੱਸਿਆ ਕਿ ਸੈਨਾ ਦੀ ਕਾਰਵਾਈ 'ਚ ਮਾਰੇ ਗਏ ਅਤਿਵਾਦੀਆਂ 'ਚੋਂ ਇੱਕ ਦੀ ਪਛਾਣ ਜਿਬਰਾਨ ਵਜੋਂ ਹੋਈ ਹੈ ਜੋ ਪਿਛਲੇ ਸਾਲ ਅਕਤੂਬਰ 'ਚ ਗਗਨਗੀਰ 'ਚ ਸੋਨਮਰਗ ਸੁਰੰਗ ਪ੍ਰਾਜੈਕਟ 'ਤੇ ਹਮਲੇ 'ਚ ਸ਼ਾਮਲ ਦੱਸਿਆ ਜਾ ਰਿਹਾ ਹੈ। ਇਸ ਹਮਲੇ 'ਚ ਇੱਕ ਡਾਕਟਰ ਸਣੇ ਸੱਤ ਵਿਅਕਤੀ ਮਾਰੇ ਗਏ ਸਨ। ਤੀਜੇ ਅਤਿਵਾਦੀ ਦੀ ਪਛਾਣ ਹਮਜ਼ਾ ਅਫਗਾਨੀ ਵਜੋਂ ਹੋਈ ਹੈ। ਇਸ ਮੁਹਿੰਮ ਦਾ ਕੋਡ ਨਾਮ 'ਅਪਰੇਸ਼ਨ ਮਹਾਦੇਵ' ਸੀ।

## ਪੰਜਾਬ ਪੁਲਿਸ ਨੇ ਫੜੇ 23000 ਨਸ਼ਾ ਤਸਕਰ

ਚੰਡੀਗੜ੍ਹ (ਲੋਕ ਬਾਣੀ)-ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਦਿਸ਼ਾ-ਨਿਰਦੇਸ਼ਾਂ 'ਤੇ ਸ਼ੁਰੂ ਕੀਤੀ ਗਈ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਤਹਿਤ ਮਹੱਤਵਪੂਰਨ ਸਫ਼ਲਤਾ ਹਾਸਲ ਕਰਦਿਆਂ ਪੰਜਾਬ ਪੁਲਿਸ ਨੇ ਪੰਜ ਮਹੀਨਿਆਂ ਤੋਂ ਵੀ ਘੱਟ ਸਮੇਂ ਵਿੱਚ 1,002 ਕਿਲੋਗ੍ਰਾਮ ਹੈਰੋਇਨ ਬਰਾਮਦ ਕੀਤੀ ਹੈ। ਇਸ ਦੇ ਨਾਲ ਹੀ 1 ਮਾਰਚ, 2025 ਨੂੰ ਇਸ ਮੁਹਿੰਮ ਦੀ ਸ਼ੁਰੂਆਤ ਤੋਂ ਲੈ ਕੇ ਹੁਣ ਤੱਕ 23,647 ਨਸ਼ਾ ਤਸਕਰਾਂ ਨੂੰ ਗ੍ਰਿਫਤਾਰ ਕਰ ਪੰਜਾਬ ਪੁਲਿਸ ਨੇ 14,906 ਐਫਆਈਆਰਜ਼ ਦਰਜ ਕੀਤੀਆਂ ਹਨ, ਜੋ ਪੰਜਾਬ ਨੂੰ ਨਸ਼ਾ ਮੁਕਤ ਬਣਾਉਣ ਸਬੰਧੀ ਸੂਬਾ ਸਰਕਾਰ ਦੀ ਦ੍ਰਿੜ ਵਚਨਬੱਧਤਾ ਦਾ ਪ੍ਰਮਾਣ ਹੈ। ਜ਼ਿਕਰਯੋਗ ਹੈ ਕਿ ਪੰਜਾਬ ਨੂੰ ਨਸ਼ਾ ਮੁਕਤ ਸੂਬਾ ਬਣਾਉਣ ਲਈ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਪੁਲਿਸ ਕਮਿਸ਼ਨਰਾਂ, ਡਿਪਟੀ ਕਮਿਸ਼ਨਰਾਂ ਅਤੇ ਸੀਨੀਅਰ ਸੁਪਰਡੈਂਟ ਆਫ਼ ਪੁਲਿਸ ਨੂੰ ਠੋਸ ਨਿਰਦੇਸ਼ ਦਿੱਤੇ ਹਨ ਅਤੇ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਦੀ ਸ਼ੁਰੂਆਤ ਤੋਂ ਹੀ ਪੰਜਾਬ ਪੁਲਿਸ, ਡਾਇਰੈਕਟਰ ਜਨਰਲ ਆਫ਼ ਪੁਲਿਸ (ਡੀਜੀਪੀ) ਪੰਜਾਬ ਗੌਰਵ ਯਾਦਵ ਦੇ ਨਿਰਦੇਸ਼ਾਂ ਹੇਠ ਸੂਬੇ ਭਰ ਵਿੱਚ ਡਰੱਗ ਹੌਟਸਪੌਟਸ 'ਤੇ ਛਾਪੇਮਾਰੀ, ਘੇਰਾਬੰਦੀ, ਸਰਚ ਅਤੇ ਨਾਈਟ ਡੌਮੀਨੇਸ਼ਨ ਆਪ੍ਰੇਸ਼ਨ ਵਰਗੀਆਂ ਕਾਰਵਾਈਆਂ ਕਰ ਰਹੀ ਹੈ।

## ਟੈਂਪੂ ਸਰਹਿੰਦ ਨਹਿਰ ਵਿੱਚ ਡਿਗਣ ਨਾਲ 7 ਸ਼ਰਧਾਲੂਆਂ ਦੀ ਮੌਤ, ਤਿੰਨ ਲਾਪਤਾ

### ਹਾਦਸੇ ਕਾਰਨ ਮਲੇਰਕੋਟਲਾ ਜ਼ਿਲ੍ਹੇ ਦੇ ਪਿੰਡ ਮਾਣਕਵਾਲ ਵਿਖੇ ਸੋਗ ਦੀ ਲਹਿਰ ਦੌੜ ਗਈ

ਮੰਡੀ ਅਹਿਮਦਗੜ੍ਹ (ਲੋਕ ਬਾਣੀ)-ਇੱਥੋਂ ਨੇੜਲੇ ਜਗੇੜਾ ਪੁਲ ਨੇੜੇ ਸਰਹਿੰਦ ਨਹਿਰ ਵਿੱਚ ਟੈਂਪੂ ਡਿੱਗਣ ਨਾਲ ਘੱਟੋ ਘੱਟੋ 7ਸ਼ਰਧਾਲੂਆਂ ਦੀ ਮੌਤ ਹੋ ਗਈ ਜਦੋਂ ਕਿ3-4 ਸ਼ਰਧਾਲੂ ਹਾਲੀਂ ਵੀ ਲਾਪਤਾ ਹਨ। ਹਾਦਸੇ ਕਾਰਨ ਮਲੇਰਕੋਟਲਾ ਜ਼ਿਲ੍ਹੇ ਦੇ ਪਿੰਡ ਮਾਣਕਵਾਲ ਵਿੱਖੇ ਸੋਗ ਦੀ ਲਹਿਰ ਦੌੜ ਗਈ ਕਿਉਂਕਿ ਸਾਰੇ ਪੀੜਤ ਇਸੇ ਪਿੰਡ ਤੋਂ ਹਨ। ਮ੍ਰਿਤਕਾਂ ਦੀ ਪਛਾਣ ਮਨਜੀਤ ਕੌਰ (58), ਜਰਨੈਲ ਸਿੰਘ (55), ਅਕਾਸ਼ਦੀਪ ਸਿੰਘ (8) ਤੇ ਸੁਖਮਨ ਕੌਰ (ਡੇਢ ਸਾਲ) ਵਜੋਂ ਹੋਈ ਹੈ। ਦਲਿਤ ਪਰਿਵਾਰਾਂ ਨਾਲ ਸਬੰਧਤ ਇਹ ਵਿਅਕਤੀ ਛੋਟਾ ਹਾਥੀ ਟੈਂਪੂ (ਪੀਬੀ 5ਏ ਐਨ 5072) ਰਾਹੀਂ ਨੈਣਾ ਦੇਵੀ ਤੋਂ ਵਾਪਸ ਆ ਰਹੇ ਸਨ। ਇਸ ਦੌਰਾਨ ਟੈਂਪੂ ਬੀਤੀ ਰਾਤ ਜਗੇੜਾ ਪੁਲ ਨੇੜੇ ਸਰਹਿੰਦ ਨਹਿਰ ਵਿੱਚ ਡਿੱਗ ਗਿਆ ਜਿਸ ਕਾਰਨ ਲਗਭਗ ਦਸ ਵਿਅਕਤੀਆਂ ਦੇ ਡੁੱਬਣ ਦਾ ਖਦਸਾ ਬਣਿਆ ਹੋਇਆ ਸੀ। ਡੀਸੀ ਲੁਧਿਆਣਾ ਹਿਮਾਂਸ਼ੂ ਜੈਨ ਤੇ ਐੱਸਐੱਸਪੀ ਖੰਨਾ ਡਾ. ਜਯੋਤੀ ਯਾਦਵ ਦੀ ਰਹਿਨੁਮਾਈ ਹੇਠ ਚੱਲੇ ਰਾਹਤ ਤੇ ਬਚਾਅ ਕਾਰਜਾਂ ਦੌਰਾਨ 20 ਸਵਾਰਾਂ ਨੂੰ ਬਚਾਉਣ ਦਾ ਦਾਅਵਾ ਕੀਤਾ ਗਿਆ ਸੀ, ਪਰ ਬਾਅਦ ਵਿੱਚ ਲੁਧਿਆਣਾ ਜ਼ਿਲ੍ਹੇ ਦੇ ਸਿਵਲ ਹਸਪਤਾਲ ਡੇਹਲੋਂ ਦੇ ਡਾਕਟਰਾਂ ਨੇ ਬਚਾਏ ਗਏ ਘੱਟੋ-ਘੱਟ ਚਾਰ ਪੀੜਤਾਂ ਨੂੰ ਮ੍ਰਿਤਕ ਐਲਾਨ ਦਿੱਤਾ।




# ਬੈਂਕਾਕ ਦੇ ਬਾਜ਼ਾਰ 'ਚ ਇੱਕ ਸ਼ਖ਼ਸ ਨੇ ਕੀਤੀ ਗੋਲੀਬਾਰੀ, 6 ਲੋਕਾਂ ਦੀ ਮੌਤ

### ਘਟਨਾ ਤੋਂ ਬਾਅਦ ਖ਼ੁਦ ਨੂੰ ਵੀ ਮਾਰ ਲਈ ਗੋਲੀ

ਬੈਂਕਾਕ (ਲੋਕ ਬਾਣੀ)-ਥਾਈਲੈਂਡ ਦੀ ਰਾਜਧਾਨੀ ਬੈਂਕਾਕ ਦੇ ਇੱਕ ਬਾਜ਼ਾਰ ਵਿੱਚ ਫਾਇਰਿੰਗ ਹੋਣ ਦਾ ਮਾਮਲਾ ਸਾਹਮਣੇ ਆਇਆ ਹੈ। ਦੱਸਿਆ ਜਾ ਰਿਹਾ ਹੈ ਕਿ ਸੋਮਵਾਰ ਨੂੰ ਬੈਂਕਾਕ ਦੇ ਸਭ ਤੋਂ ਮਸ਼ਹੂਰ ਬਾਜ਼ਾਰ ਵਿੱਚ ਇੱਕ ਬੰਦੂਕਧਾਰੀ ਨੇ ਗੋਲੀਬਾਰੀ ਕੀਤੀ ਹੁਣ ਤੱਕ ਇਸ ਵਿੱਚ 6 ਲੋਕਾਂ ਦੇ ਮਾਰੇ ਜਾਣ ਦੀ ਖ਼ਬਰ ਹੈ। ਦੱਸਿਆ ਜਾ ਰਿਹਾ ਹੈ ਕਿ ਇਸ ਗੋਲੀਬਾਰੀ ਵਿੱਚ ਮਾਰੇ ਗਏ ਲੋਕ ਬਾਜ਼ਾਰ ਵਿੱਚ ਸੁਰੱਖਿਆ ਗਾਰਡ ਸਨ।

ਬੈਂਕਾਕ ਦੇ ਬਾਂਗ ਸੂ ਜ਼ਿਲ੍ਹੇ ਦੇ ਡਿਪਟੀ ਪੁਲਿਸ ਮੁਖੀ ਵੋਰਾਫਾਟ ਸੁਕਥਾਈ ਨੇ ਮੀਡੀਆ ਨੂੰ ਦੱਸਿਆ ਕਿ "ਪੁਲਿਸ ਇਸ ਗੋਲੀਬਾਰੀ ਦੀ ਘਟਨਾ ਦੇ ਪਿੱਛੇ ਦੇ ਉਦੇਸ਼ ਦੀ ਜਾਂਚ ਕਰ ਰਹੀ ਹੈ ਹੁਣ ਤੱਕ ਇਹ ਸਮੂਹਿਕ ਗੋਲੀਬਾਰੀ ਦਾ ਮਾਮਲਾ ਜਾਪਦਾ ਹੈ। ਪੁਲਿਸ ਅਧਿਕਾਰੀਆਂ ਨੇ ਕਿਹਾ ਕਿ ਬੰਦੂਕਧਾਰੀ ਨੇ ਖ਼ੁਦ ਨੂੰ ਵੀ ਗੋਲੀ ਮਾਰ ਕੇ ਖ਼ੁਦਕੁਸ਼ੀ ਕਰ ਲਈ।





ਇਸ ਗੋਲੀਬਾਰੀ ਦੀਆਂ ਕੁਝ ਵੀਡੀਓ ਸੋਸ਼ਲ ਮੀਡੀਆ 'ਤੇ ਤੇਜ਼ੀ ਨਾਲ ਵਾਇਰਲ ਹੋ ਰਹੀਆਂ ਹਨ। ਜਿਸ ਵਿੱਚ ਦਾਅਵਾ ਕੀਤਾ ਜਾ ਰਿਹਾ ਹੈ ਕਿ ਗੋਲੀਬਾਰੀ ਕਰਨ ਵਾਲਾ ਵਿਅਕਤੀ ਮੌਕੇ 'ਤੇ ਮੌਜੂਦ ਹੈ, ਜਦੋਂ ਕਿ ਇੱਕ ਵਿਅਕਤੀ ਆਪਣੇ ਹੱਥ ਵਿੱਚ ਬੰਦੂਕ ਲੈ ਕੇ ਘੁੰਮ ਰਿਹਾ ਹੈ।

ਪੰਜਾਬ ਦੇ ਹਰ ਜ਼ਿਲ੍ਹੇ ਤੋਂ ਰੋਜ਼ਾਨਾ ਲੋਕ ਬਾਣੀ ਅਖ਼ਬਾਰ ਲਈ ਪੱਤਰਕਾਰਾਂ ਦੀ ਲੋੜ ਹੈ ਚਾਹਵਾਨ ਪੱਤਰਕਾਰ ਸੰਪਰਕ ਕਰਨ ਮੁੱਖ ਦਫ਼ਤਰ
ਲੋਕ ਬਾਣੀ ਸੰਗਮ ਕੰਪਲੈਕਸ, ਮਿਲਾਪ ਚੌਕ ਜਲੰਧਰ 99155-94111



ਲੋਕ ਬਾਣੀ

ਰੋਜ਼ਾਨਾ ਲੋਕ ਬਾਣੀ

www.lokbani.com




publisher
chief editor
Aman mehra
Lok bani (News paper)
Lokbani08@gmail.com
www Lokbani.com
Mob 9915594111

Head office :308 sangam complex milap chowk Jalandhar Punjab India 01812211009

# ਸਿਵਲ ਹਸਪਤਾਲ ਦੇ ICU 'ਚ 3 ਮਰੀਜ਼ਾਂ ਦੀ ਮੌਤ, ਆਕਸੀਜਨ ਸਪਲਾਈ ਬੰਦ ਹੋਣ ਕਰਕੇ ਵਾਪਰਿਆ ਹਾਦਸਾ

ਜਲੰਧਰ (ਲੋਕ ਬਾਣੀ)-ਜਲੰਧਰ ਦੇ ਸਿਵਲ ਹਸਪਤਾਲ ਦੇ ਟਰੌਮਾ ਸੈਂਟਰ ਵਿਚ ਬੀਤੀ ਰਾਤ ਉਸ ਸਮੇਂ ਹਫੜਾ-ਦਫੜੀ ਮਚ ਗਈ ਜਦੋਂ ਆਕਸੀਜਨ ਸਪਲਾਈ 35 ਮਿੰਟ ਲਈ ਬੰਦ ਰਹੀ ਤੇ

ਲੋਕ ਬਾਣੀ

ਆਈਸੀਯੂ ਵਿਚ ਭਰਤੀ 3 ਮਰੀਜ਼ਾਂ ਦੀ ਮੌਤ ਹੋ ਗਈ। ਕੁੱਲ 5 ਮਰੀਜ਼ਾਂ ਨੂੰ ਆਕਸੀਜਨ ਸਪਲਾਈ ਬੰਦ ਹੋਣ ਨਾਲ ਨੁਕਸਾਨ ਹੋਇਆ ਸੀ ਜਿਨ੍ਹਾਂ ਵਿਚੋਂ 2 ਨੂੰ ਬਚਾ ਲਿਆ ਗਿਆ। ਘਟਨਾ ਦੇ ਬਾਅਦ ਹਸਪਤਾਲ ਵਿਚ ਹੰਗਾਮਾ ਮਚ ਗਿਆ ਤੇ ਪਰਿਵਾਰ ਵਾਲਿਆਂ ਨੇ ਵਿਰੋਧ ਕੀਤਾ। ਮਾਮਲਾ ਬੀਤੀ ਰਾਤ ਲਗਭਗ 9 ਵਜੇ ਦਾ ਹੈ। ਸੂਚਨਾ ਮਿਲਣ 'ਤੇ ਦੇਰ ਰਾਤ ਲਗਭਗ 1 ਵਜੇ ਸਿਹਤ ਮੰਤਰੀ ਡਾ. ਬਲਬੀਰ ਸਿੰਘ ਸਿਵਲ ਹਸਪਤਾਲ ਪਹੁੰਚੇ। ਉਨ੍ਹਾਂ ਨੇ ਬੰਦ ਕਮਰੇ ਵਿਚ ਡਾਕਟਰਾਂ ਨਾਲ ਮੀਟਿੰਗ ਕੀਤੀ। ਨਾਲ ਹੀ ਦੇਰ ਰਾਤ ਡੀਸੀ ਹਿਮਾਂਸ਼ੂ ਅਗਰਵਾਲ ਵੀ ਮੌਕੇ 'ਤੇ ਪਹੁੰਚ ਗਏ ਸਨ। ਮ੍ਰਿਤਕਾਂ ਦੀ ਪਛਾਣ ਅਰਚਨਾ (15), ਅਵਤਾਰ ਲਾਲ (32) ਤੇ ਰਾਜੂ (30) ਜੋਂ ਹੋਈ ਹੈ। ਅਰਚਨਾ ਨੂੰ 17 ਜੁਲਾਈ ਨੂੰ ਸੱਪ ਡੱਸਣ ਦੇ ਬਾਅਦ ਭਰਤੀ ਕਰਾਇਆ ਗਿਆ ਸੀ। ਅਵਤਾਰ ਲਾਲ ਨੂੰ 27 ਜੁਲਾਈ ਨੂੰ ਨਸ਼ੇ ਦੀ ਓਵਰੋਡਜ਼ ਕਾਰਨ ਭਰਤੀ ਕਰਵਾਇਆ ਗਿਆ ਸੀ ਤੇ ਰਾਜੂ





ਨੂੰ 24 ਜੁਲਾਈ ਨੂੰ ਟੀਬੀ ਦੇ ਇਲਾਜ ਲਈ ਹਸਪਤਾਲ ਵਿਚ ਭਰਤੀ ਕਰਵਾਇਆ ਗਿਆ ਸੀ। ਜਾਣਕਾਰੀ ਮੁਤਾਬਕ ਲਗਭਗ ਸਾਢੇ 8 ਵਜੇ 93" ਵਿਚ ਆਕਸੀਜਨ ਸਪਲਾਈ ਬੰਦ ਹੋਈ ਸੀ। ਇਸ ਦੇ ਬਾਅਦ ਡਾਕਟਰਾਂ ਤੇ ਟੈਕਨੀਸ਼ੀਅਨਾਂ ਨੂੰ ਪਤਾ ਲੱਗ ਗਿਆ ਸੀ। ਆਕਸੀਜਨ ਸਪਲਾਈ ਵਿਚ ਗੜਬੜੀ ਬਾਰੇ ਪਤਾ ਕਰਨ ਤੇ ਉਸ ਨੂੰ ਠੀਕ ਕਰਨ ਵਿਚ ਲਗਭਗ 35 ਮਿੰਟ ਲੱਗ ਗਏ। ਇੰਨੇ ਵਿਚ 3 ਲੋਕਾਂ ਨੇ ਦਮ ਤੋੜ ਦਿੱਤਾ। ਦੇਰ ਰਾਤ ਸਿਵਲ ਹਸਪਤਾਲ ਵਿਚ ਡਿਊਟੀ 'ਤੇ ਤਾਇਨਾਤ ਡਾ. ਐੱਸਐੱਸ ਰਾਜਕੁਮਾਰ ਨੇ ਕਿਹਾ ਕਿ ਮ੍ਰਿਤਕ 3 ਮਰੀਜ਼ ਸਨ। ਮੌਤ ਦਾ ਕਾਰਨ ਪਤਾ ਕਰਨ ਲਈ 9 ਮੈਂਬਰੀ ਕਮੇਟੀ ਗਠਿਤ ਕੀਤੀ ਗਈ ਹੈ ਜੋ 2 ਦਿਨ ਦੇ ਅੰਦਰ ਰਿਪੋਰਟ ਪੇਸ਼ ਕਰੇਗੀ ਤੇ ਉਸ ਦੇ ਆਧਾਰ 'ਤੇ ਕਾਰਵਾਈ ਕੀਤੀ ਜਾਵੇਗੀ। ਮਾਮਲੇ ਵਿਚ ਜਾਂਚ ਕੀਤੀ ਜਾਵੇਗੀ ਕਿ ਇਹ ਟੈਕਨੀਕਲ ਨੁਕਸ ਸੀ ਜਾਂ ਫਿਰ ਕਿਸੇ ਮੁਲਾਜ਼ਮ ਦੀ ਗਲਤੀ ਹੈ। ਡਾ. ਰਾਜ ਕੁਮਾਰ ਨੇ ਕਿਹਾ ਕਿ ਘਟਨਾ ਵਿਚ ਜੇਕਰ ਕਿਸੇ ਵੀ ਅਧਿਕਾਰਕ ਪੱਧਰ 'ਤੇ ਕੋਈ ਗਲਤੀ ਪਾਈ ਗਈ ਤਾਂ ਉਸ ਖਿਲਾਫ ਸਖਤ ਐਕਸ਼ਨ ਲਿਆ ਜਾਵੇਗਾ।

# ਵਿਦਿਆਰਥੀਆਂ ਨੂੰ ਨਸ਼ਿਆਂ ਤੋਂ ਦੂਰ ਰਹਿਣਾ ਚਾਹੀਦਾ ਹੈ

ਨਵੇਂ ਭਵਿੱਖ ਦੀ ਨਿਵੀਂਹ ਵਿਦਿਆਰਥੀ ਹੁੰਦੇ ਹਨ। ਉਨ੍ਹਾਂ ਦੇ ਹੱਥ ਵਿੱਚ ਕੌਮ ਦਾ ਭਵਿੱਖ ਹੈ। ਪਰ ਜੇਕਰ ਇਹ ਨੌਜਵਾਨ ਨਸ਼ਿਆਂ ਵੱਲ ਮੋੜੇ ਜਾਣ,

ਲੋਕ ਬਾਣੀ

ਤਾਂ ਉਹ ਆਪਣਾ ਹੀ ਨਹੀਂ, ਸਾਰੀ ਸਮਾਜ ਦੀ ਤਬਾਹੀ ਦਾ ਕਾਰਨ ਬਣ ਜਾਂਦੇ ਹਨ। ਅੱਜ ਦੇ ਸਮੇਂ ਵਿੱਚ ਨਸ਼ਾ ਵਿਦਿਆਰਥੀਆਂ ਵਿਚ ਬਹੁਤ



ਤੇਜ਼ੀ ਨਾਲ ਵਧ ਰਿਹਾ ਹੈ ਜੋ ਇਕ ਚਿੰਤਾ ਦਾ ਵਿਸ਼ਾ ਹੈ।

ਨਸ਼ਿਆਂ ਦੇ ਕਾਰਨ:

-ਗਲਤ ਸੰਗਤ

-ਮਾਨਸਿਕ ਤਣਾਅ

-ਫੈਸ਼ਨ ਸਮਝ ਕੇ ਨਸ਼ਾ ਕਰਨਾ

-ਮੀਡੀਆ ਜਾਂ ਫਿਲਮਾਂ ਦੀ ਭੂਮਿਕਾ

-ਪਰਿਵਾਰਕ ਧਿਆਨ ਦੀ ਘਾਟ

-ਨਸ਼ਿਆਂ ਦੇ ਨੁਕਸਾਨ:

-ਰੀਰਕ ਤੇ ਮਾਨਸਿਕ ਤਬਾਹੀ

-ਪੜ੍ਹਾਈ ਤੋਂ ਦਿਲਚਸਪੀ ਖਤਮ

-ਪਰਿਵਾਰਕ ਰਿਸ਼ਤੇ ਖਰਾਬ

-ਆਰਥਿਕ ਨੁਕਸਾਨ

-ਕਾਨੂੰਨੀ ਮੁਸ਼ਕਲਾਂ

-ਨਸ਼ਿਆਂ ਤੋਂ ਬਚਣ ਦੇ ਉਪਾਇਆ:

-ਚੰਗੀ ਸੰਗਤ ਰੱਖੋ

-ਖੇਡਾਂ ਅਤੇ ਸਿੱਖਿਆ ਵੱਲ ਧਿਆਨ ਦਿਓ


-ਮਾਂ-ਪਿਉ ਨਾਲ ਖੁੱਲ੍ਹ ਕੇ ਗੱਲ ਕਰੋ

-ਨਸ਼ਾ ਮੁਕਤ ਜਾਗਰੂਕਤਾ ਮੁਹਿੰਮਾਂ ਵਿੱਚ ਭਾਗ ਲਓ

-ਸਮੇਂ-ਸਮੇਂ 'ਤੇ ਮਾਨਸਿਕ ਸਲਾਹ ਲਵੋ

-ਨਤੀਜਾ:

-ਸ਼ਿਆਂ ਤੋਂ ਦੂਰ ਰਹਿਣਾ ਹੀ ਸੁਚੱਜੀ ਅਤੇ ਰੋਸ਼ਨ ਜ਼ਿੰਦਗੀ ਦੀ ਚਾਬੀ ਹੈ। ਵਿਦਿਆਰਥੀਆਂ ਨੂੰ ਚਾਹੀਦਾ ਹੈ ਕਿ ਉਹ ਆਪਣੇ ਸੁਪਨੇ ਸਾਕਾਰ ਕਰਨ ਲਈ ਨਸ਼ਿਆਂ ਤੋਂ ਕੋਸਾਂ ਦੂਰ ਰਹਿਣ। ਯਾਦ ਰੱਖੋ — ਨਸ਼ਾ ਤਬਾਹੀ ਹੈ, ਗਿਆਨ ਹੀ ਸੱਚਾ ਸਹਾਰਾ ਹੈ।



**ਸੁਰੇਸ਼ ਕੁਮਾਰ**
**ਕੰਪਿਊਟਰ ਫੈਕਲਟੀ**
**ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਕੂਲ ਮੰਡੀ ਹਰਜੀ ਰਾਮ ਮਲੋਟ**

# ਯਾਦਵਿੰਦਰ ਕਤਲ ਮਾਮਲੇ 'ਚ ਫਰੀਦਕੋਟ ਪੁਲਿਸ ਨੇ ਬਦਮਾਸ਼ ਦਾ ਕੀਤਾ ਐਨਕਾਊਂਟਰ, ਮੁਲਜ਼ਮ ਦੀ ਲੱਤ 'ਚ ਲੱਗੀ ਗੋਲੀ

ਫਰੀਦਕੋਟ (ਲੋਕਬਾਣੀ)-ਫਰੀਦਕੋਟ ਪੁਲਿਸ ਨੇ ਯਾਦਵਿੰਦਰ ਕਤਲ ਮਾਮਲੇ ਵਿਚ ਵੱਡੀ ਸਫਲਤਾ ਹਾਸਲ ਕੀਤੀ ਹੈ। ਬੀਤੇ ਦਿਨੀਂ

ਲੋਕ ਬਾਣੀ

ਪਿੰਡ ਬਾਹਮਣ ਵਾਲਾ ਵਿਖੇ ਯਾਦਵਿੰਦਰ ਸਿੰਘ ਦਾ ਕਤਲ ਕੀਤਾ ਗਿਆ ਸੀ। ਪੁਲਿਸ ਵੱਲੋਂ ਇਸ ਮਾਮਲੇ ਵਿਚ ਇਕ ਸ਼ੂਟਰ ਦਾ ਐਨਕਾਊਂਟਰ ਕੀਤਾ ਗਿਆ ਹੈ। ਇਹ ਕਾਰਵਾਈ SSP ਪ੍ਰਗਿਆ ਜੈਨ ਦੀ ਅਗਵਾਈ 'ਚ ਕੀਤੀ ਗਈ ਹੈ।ਦੱਸ ਦੇਈਏ ਕਿ ਮੁਲਜ਼ਮ ਨੇ ਨਿਸ਼ਾਨਦੇਹੀ 'ਤੇ ਬਾਈਕ ਬਰਾਮਦ ਕਰਨ ਗਈ ਪੁਲਿਸ ਟੀਮ 'ਤੇ ਗੋਲੀਆਂ ਚਲਾਈਆਂ ਜਿਸ ਤੋਂ ਬਾਅਦ ਜਵਾਬੀ ਕਾਰਵਾਈ 'ਚ ਪੁਲਿਸ ਨੇ ਵੀ ਫਾਇਰਿੰਗ ਕੀਤੀ ਤੇ ਇਸ ਦਰਮਿਆਨ ਮੁਲਜ਼ਮ ਦੇ ਪੈਰ ਵਿਚ ਗੋਲੀ ਲੱਗੀ ਤੇ ਉਹ ਜ਼ਖਮੀ ਹੋ ਗਿਆ। ਪੁਲਿਸ ਵੱਲੋਂ ਬਦਮਾਸ਼ ਨੂੰ ਹਸਪਤਾਲ ਵਿਚ ਭਰਤੀ ਕਰਵਾਇਆ ਗਿਆ ਫਰੀਦਕੋਟ ਦੇ ਪਿੰਡ ਬੀੜ ਸਿੱਖਾਂਵਾਲਾ ਨੇੜੇ ਪੁਲਿਸ 'ਤੇ ਗੋਲੀਬਾਰੀ ਦਾ ਮਾਮਲਾ ਸਾਹਮਣੇ ਆਇਆ ਹੈ। ਕਤਲ ਵਿੱਚ ਵਰਤੇ ਗਏ ਮੋਟਰਸਾਈਕਲ ਦੀ ਬਰਾਮਦਗੀ ਦੌਰਾਨ, ਵਿਦੇਸ਼ ਵਿੱਚ ਬੈਠੇ ਗੈਂਗਸਟਰ ਲੱਕੀ ਪਟਿਆਲ ਦੇ ਇੱਕ ਸਾਥੀ ਨੇ ਪੁਲਿਸ 'ਤੇ ਗੋਲੀਬਾਰੀ ਕਰਕੇ ਭੱਜਣ ਦੀ ਕੋਸ਼ਿਸ਼ ਕੀਤੀ। ਪੁਲਿਸ ਵੱਲੋਂ ਕੀਤੀ ਗਈ ਜਵਾਬੀ ਗੋਲੀਬਾਰੀ ਵਿੱਚ ਬਦਮਾਸ਼ ਨੂੰ ਗੋਲੀ ਲੱਗ ਗਈ ਅਤੇ ਉਸਨੂੰ ਗ੍ਰਿਫ਼ਤਾਰ ਕਰ ਲਿਆ ਗਿਆ। ਜੈਤੋਂ ਦੇ ਰਹਿਣ ਵਾਲੇ ਬਦਮਾਸ਼ ਚਿੰਕੀ ਨੂੰ ਫਰੀਦਕੋਟ ਪੁਲਿਸ ਨੇ ਇੱਕ ਦਿਨ ਪਹਿਲਾਂ ਹਰਿਆਣਾ ਦੇ ਸਿਰਸਾ ਤੋਂ ਗ੍ਰਿਫ਼ਤਾਰ ਕੀਤਾ ਸੀ। ਚਿੰਕੀ ਨੇ



ਆਪਣੇ ਦੋ ਸਾਥੀਆਂ ਨਾਲ ਮਿਲ ਕੇ 22 ਜੁਲਾਈ ਨੂੰ ਕੋਟਕਪੂਰਾ ਦੇ ਪਿੰਡ ਬ੍ਰਾਹਮਣ ਵਾਲਾ ਵਿੱਚ ਜੀਵਨਜੋਤ ਸਿੰਘ ਚਾਹਲ ਉਰਫ਼ ਜੁਗਨੂੰ ਦੇ ਡਰਾਈਵਰ ਯਾਦਵਿੰਦਰ ਸਿੰਘ ਦੀ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ ਸੀ।

ਇਸ ਕਤਲ ਦੀ ਜ਼ਿੰਮੇਵਾਰੀ ਵਿਦੇਸ਼ ਵਿੱਚ ਬੈਠੇ ਬੰਬੀਹਾ ਗੈਂਗ ਦੇ ਗੈਂਗਸਟਰ ਲੱਕੀ ਪਟਿਆਲ ਨੇ ਲਈ ਸੀ। ਉਸਨੇ ਕਿਹਾ ਸੀ ਕਿ ਉਸਨੇ ਪੁਲਿਸ ਤੋਂ ਕਲੀਨ ਚਿੱਟ ਪ੍ਰਾਪਤ ਕਰਨ ਵਾਲਿਆਂ ਨੂੰ ਕਲੀਨ ਚਿੱਟ ਨਹੀਂ ਦਿੱਤੀ ਹੈ।

ਅੱਜ ਸੋਮਵਾਰ ਸਵੇਰੇ, ਸਿਟੀ ਕੋਟਕਪੂਰਾ ਪੁਲਿਸ ਸਟੇਸ਼ਨ, ਐਸਪੀ (ਡੀ) ਸੰਦੀਪ ਵਢੇਰਾ ਅਤੇ ਡੀਐਸਪੀ ਕੋਟਕਪੂਰਾ ਜਤਿੰਦਰ ਸਿੰਘ ਦੀ ਨਿਗਰਾਨੀ ਹੇਠ, ਗੋਲੀਬਾਰੀ ਕਰਨ ਵਾਲੇ ਚਿੰਕੀ ਨੂੰ ਪਿੰਡ ਬੀੜ ਸਿੱਖਾਂਵਾਲਾ ਲੈ ਕੇ ਗਏ ਤਾਂ ਜੋ ਅਪਰਾਧ ਵਿੱਚ ਵਰਤਿਆ ਗਿਆ ਮੋਟਰਸਾਈਕਲ ਬਰਾਮਦ ਕੀਤਾ ਜਾ ਸਕੇ। ਉੱਥੇ ਬਦਮਾਸ਼ ਨੇ ਮੋਟਰਸਾਈਕਲ ਨਾਲ ਲੁਕਾਏ ਹੋਏ 32 ਬੋਰ ਪਿਸਤੌਲ ਤੋਂ ਪੁਲਿਸ 'ਤੇ ਤਿੰਨ ਗੋਲੀਆਂ ਚਲਾਈਆਂ। ਇੱਕ ਗੋਲੀ ਪੁਲਿਸ ਦੀ ਗੱਡੀ ਨੂੰ ਲੱਗੀ ਜਦੋਂ ਕਿ ਦੋ ਗੋਲੀਆਂ ਤੋਂ ਪੁਲਿਸ ਅਧਿਕਾਰੀ ਵਾਲ-ਵਾਲ ਬਚ ਗਏ। ਜਵਾਬੀ ਕਾਰਵਾਈ ਵਿੱਚ, ਪੁਲਿਸ ਨੇ ਬਦਮਾਸ਼ ਨੂੰ ਗ੍ਰਿਫ਼ਤਾਰ ਕਰ ਲਿਆ। ਮੋਟਰਸਾਈਕਲ ਸਮੇਤ ਮੌਕੇ ਤੋਂ ਇੱਕ 32 ਬੋਰ ਪਿਸਤੌਲ ਅਤੇ 2 ਕਾਰਤੂਸ ਬਰਾਮਦ ਕੀਤੇ ਗਏ।

# ਜੀਵਨਸ਼ੈਲੀ ਲਿਵਰ ਦੀ ਸਿਹਤ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦੀ ਹੈ : ਡਾ. ਰਾਠੌਰ

ਚੰਡੀਗੜ੍ਹ (ਲੋਕ ਬਾਣੀ)-ਹੈਪੇਟਾਈਟਸ ਦੀਆਂ ਪੰਜ ਕਿਸਮਾਂ - ਏ, ਬੀ, ਸੀ, ਡੀ ਅਤੇ ਈ - ਵਿੱਚੋਂ ਹਰੇਕ ਦੇ ਸੰਚਾਰਨ ਦੇ ਵੱਖੋ-ਵੱਖਰੇ ਢੰਗ ਅਤੇ ਗੰਭੀਰਤਾ ਹੁੰਦੀ ਹੈ। ਖਾਸ ਤੌਰ 'ਤੇ ਕ੍ਰੋਨਿਕ ਹੈਪੇਟਾਈਟਸ ਬੀ ਅਤੇ ਸੀ, ਸਿਰੋਸਿਸ ਅਤੇ ਲਿਵਰ ਦੇ ਕੈਂਸਰ ਦਾ ਸਭ ਤੋਂ ਵੱਧ ਜੋਖਮ ਪੈਦਾ ਕਰਦੇ ਹਨ ਜੇਕਰ ਇਸਦਾ ਜਲਦੀ ਨਿਦਾਨ ਅਤੇ ਇਲਾਜ ਨਾ ਕੀਤਾ ਜਾਵੇ। ਮੈਕਸ ਹਸਪਤਾਲ, ਮੋਹਾਲੀ ਦੇ ਗੈਸਟ੍ਰੋਐਂਟਰੋਲੋਜੀ ਦੇ ਮੁੱਖ ਸਲਾਹਕਾਰ ਡਾ: ਮੁਕੇਸ਼ ਕੇ ਰਾਠੌਰ ਨੇ ਕਿਹਾ, "ਹੈਪੇਟਾਈਟਸ ਬੀ ਅਤੇ ਸੀ ਬਹੁਤ ਸਾਰੇ ਵਿਅਕਤੀਆਂ ਦੇ ਲਿਵਰ ਨੂੰ ਚੁੱਪਚਾਪ ਨੁਕਸਾਨ ਪਹੁੰਚਾਉਂਦੇ ਰਹਿੰਦੇ ਹਨ, ਅਕਸਰ ਬਿਮਾਰੀ ਦੇ ਵਧਣ ਤੱਕ ਬਿਨਾਂ ਕਿਸੇ ਸਪੱਸ਼ਟ ਲੱਛਣ ਦੇ। ਇਸ ਤੋਂ ਇਲਾਵਾ, ਸ਼ਰਾਬ ਦੀ ਖਪਤ ਅਤੇ ਗੈਰ-ਅਲਕੋਹਲ ਵਾਲੇ ਚਰਬੀ ਲਿਵਰ ਦੀ ਬਿਮਾਰੀ ਭਾਰਤ ਵਿੱਚ ਲਿਵਰ ਨੂੰ ਨੁਕਸਾਨ ਪਹੁੰਚਾਉਣ ਵਾਲੇ ਮੁੱਖ ਕਾਰਕ ਬਣੇ ਹੋਏ ਹਨ। ਟੀਕਾਕਰਨ, ਸਮੇਂ ਸਿਰ ਡਾਕਟਰੀ ਦੇਖਭਾਲ ਅਤੇ ਨਿਯਮਤ ਜਾਂਚ ਦੀ ਮਹੱਤਤਾ 'ਤੇ ਜ਼ੋਰ ਦਿੰਦੇ ਹੋਏ, ਡਾ: ਰਾਠੌਰ ਨੇ ਕਿਹਾ, "ਟੀਕਾਕਰਨ ਹੈਪੇਟਾਈਟਸ ਏ ਅਤੇ ਬੀ ਦੇ ਵਿਰੁੱਧ ਸਾਡਾ ਸਭ ਤੋਂ ਮਜ਼ਬੂਤ ਬਚਾਅ ਹੈ। ਬਹੁਤ ਪ੍ਰਭਾਵਸ਼ਾਲੀ ਐਂਟੀਵਾਇਰਲ ਦਵਾਈਆਂ ਦੀ ਉਪਲਬਧਤਾ ਦੇ ਨਾਲ, ਹੈਪੇਟਾਈਟਸ ਸੀ ਹੁਣ ਜ਼ਿਆਦਾਤਰ ਮਾਮਲਿਆਂ ਵਿੱਚ ਇਲਾਜਯੋਗ ਹੈ। ਬਦਕਿਸਮਤੀ ਨਾਲ, ਬਹੁਤ ਸਾਰੇ ਲੋਕ ਇਸ ਗੱਲ ਤੋਂ ਅਣਜਾਣ ਹਨ ਕਿ ਉਹ ਪੁਰਾਣੀ ਹੈਪੇਟਾਈਟਸ ਤੋਂ ਪੀੜਤ ਹੋ ਸਕਦੇ ਹਨ। ਜਲਦੀ ਪਤਾ ਲਗਾਉਣਾ ਅਤੇ ਸਮੇਂ ਸਿਰ ਇਲਾਜ ਲਿਵਰ ਫੇਲ੍ਹ ਹੋਣ ਅਤੇ ਕੈਂਸਰ ਵਰਗੀਆਂ ਪੇਚੀਦਗੀਆਂ ਨੂੰ ਰੋਕ ਸਕਦਾ ਹੈ ਉਨ੍ਹਾਂ ਇਹ ਵੀ ਕਿਹਾ ਕਿ ਜੀਵਨ ਸ਼ੈਲੀ ਲਿਵਰ ਦੀ ਸਿਹਤ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦੀ ਹੈ। ਲਿਵਰ ਨਾਲ ਸਬੰਧਤ ਪੇਚੀਦਗੀਆਂ ਨੂੰ ਰੋਕਣ ਲਈ ਸੰਤੁਲਿਤ ਖੁਰਾਕ ਦੀ ਪਾਲਣਾ ਕਰਨਾ, ਸਰੀਰਕ ਤੌਰ 'ਤੇ ਕਿਰਿਆਸ਼ੀਲ ਰਹਿਣਾ ਅਤੇ ਸ਼ਰਾਬ ਅਤੇ ਤੰਬਾਕੂ ਤੋਂ ਪਰਹੇਜ਼ ਕਰਨਾ ਬਹੁਤ ਮਹੱਤਵਪੂਰਨ ਹੈ।



# ਖਾਲਸਾ ਯੂਨੀਵਰਸਿਟੀ ਨੇ ਵੈੱਬਸਾਈਟ ਕੀਤੀ ਲਾਂਚ

## ਸਹੂਲਤਾਂ ਸਬੰਧੀ ਮਿਲੇਗੀ ਜਾਣਕਾਰੀ : ਉੱਪ ਕੁਲਪਤੀ ਡਾ. ਮਹਿਲ ਸਿੰਘ




ਅੰਮ੍ਰਿਤਸਰ, (ਲੋਕ ਬਾਣੀ)—ਯੂਨੀਵਰਸਿਟੀ ਗ੍ਰਾਂਟਸ ਕਮਿਸ਼ਨ (ਯੂ. ਜੀ. ਸੀ.) ਵੱਲੋਂ ਯੂ. ਜੀ. ਸੀ.-ਐਕਟ, 1956 ਦੀ ਧਾਰਾ 2 (ਐਫ਼) ਅਧੀਨ ਰਾਜ (ਨਿੱਜੀ) ਯੂਨੀਵਰਸਿਟੀਆਂ ਦੀ ਸੂਚੀ 'ਚ ਆਪਣਾ ਨਾਮ ਸ਼ਾਮਿਲ ਕਰਨ ਦੀ ਮਾਨਤਾ ਤੋਂ ਬਾਅਦ ਅੱਜ ਖਾਲਸਾ ਯੂਨੀਵਰਸਿਟੀ ਦੀ ਨਵੀਂ ਨਵੀਂ ਅਧਿਕਾਰਤ ਆਨਲਾਈਨ ਵੈੱਬਸਾਈਟ ਲਾਂਚ ਕੀਤੀ ਗਈ। ਇਸ ਮੌਕੇ ਖ਼ਾਲਸਾ ਯੂਨੀਵਰਸਿਟੀ ਦੇ ਉਪ ਕੁਲਪਤੀ ਡਾ. ਮਹਿਲ ਸਿੰਘ ਨੇ 'ਖਾਲਸਾਯੂਨੀਵਰਸਿਟੀ. ਏਸੀ.ਆਈਐੱਨ.' ਦੇ ਸਿਰਲੇਖ ਹੇਠ ਹੋਰਨਾਂ ਸਟਾਫ਼ ਦੀ ਮੌਜ਼ੂਦਗੀ 'ਚ ਲਾਂਚ ਕੀਤੀ ਉਕਤ ਵੈਬਸਾਈਟ ਸਬੰਧੀ ਗੱਲਬਾਤ ਕਰਦਿਆਂ ਕਿਹਾ ਕਿ ਇਹ ਵੈੱਬਸਾਈਟ ਵਿਦਿਆਰਥੀਆਂ ਨੂੰ ਹਰੇਕ ਪ੍ਰਕਾਰ ਦੀ ਸੂਚਨਾ ਦੇਣ ਦਾ ਆਨਲਾਈਨ ਜਰੀਆ ਹੋਵੇਗੀ। ਉਨ੍ਹਾਂ ਕਿਹਾ ਕਿ ਵਿਦਿਆਰਥੀ ਤੋਂ ਇਲਾਵਾ ਆਮ ਲੋਕ ਉਕਤ ਨਵੀਂ ਯੂਨੀਵਰਸਿਟੀ ਵੱਲੋਂ ਦਿੱਤੀਆਂ ਜਾਣ ਵਾਲੀਆਂ ਦਾਖਲਿਆਂ ਅਤੇ ਹੋਰਨਾਂ ਸਹੂਲਤਾਂ ਸਬੰਧੀ ਜਾਣਕਾਰੀ ਪ੍ਰਾਪਤ ਕਰ ਸਕਦੇ ਹਨ। ਇਸ ਮੌਕੇ ਉਨ੍ਹਾਂ ਐਲਾਨ ਕੀਤਾ ਕਿ ਯੂਨੀਵਰਸਿਟੀ ਗ੍ਰਾਂਟਸ ਕਮਿਸ਼ਨ (ਯੂਜੀਸੀ) ਵੱਲੋਂ ਯੂਜੀਸੀ ਐਕਟ, 1956 ਦੀ ਧਾਰਾ 2 (ਐਫ਼) ਅਧੀਨ ਰਾਜ (ਨਿੱਜੀ) ਯੂਨੀਵਰਸਿਟੀਆਂ ਦੀ ਸੂਚੀ 'ਚ ਆਪਣਾ ਨਾਮ ਸ਼ਾਮਿਲ ਕਰਨ ਦੀ ਮਾਨਤਾ ਉਪਰੰਤ ਉਕਤ 'ਵਰਸਿਟੀ ਵੱਲੋਂ ਅਕਾਦਮਿਕ ਸੈਸ਼ਨ 2025-26 ਲਈ ਵੱਖ-ਵੱਖ ਫੈਕਲਟੀਆਂ 'ਚ ਦਾਖਲੇ ਖੋਲ੍ਹੇ ਗਏ ਹਨ। ਉਨ੍ਹਾਂ ਕਿਹਾ ਕਿ ਵੱਖ-ਵੱਖ ਫ਼ੈਕਲਟੀ ਜਿਵੇਂ ਕਿ ਆਰਟਸ, ਸਮਾਜਿਕ ਵਿਗਿਆਨ ਅਤੇ ਭਾਸ਼ਾਵਾਂ, ਕਾਮਰਸ ਅਤੇ ਮੈਨੇਜਮੈਂਟ, ਬੇਸਿੱਕ ਅਤੇ ਅਪਲਾਈਡ ਸਾਇੰਸਜ਼, ਲਾਈਫ ਸਾਇੰਸਜ਼ ਅਤੇ ਕੰਪਿਊਟਰ ਸਾਇੰਸ, ਇੰਜੀਨੀਅਰਿੰਗ ਅਤੇ ਤਕਨਾਲੋਜੀ, ਕਾਨੂੰਨੀ ਵਿਗਿਆਨ, ਸਿੱਖਿਆ ਅਤੇ ਖੇਡ ਵਿਗਿਆਨ, ਫਾਰਮਾਸਿਊਟੀਕਲ ਸਾਇੰਸ ਆਦਿ 'ਚ ਗ੍ਰੈਜੂਏਟ, ਪੋਸਟ ਗ੍ਰੈਜੂਏਟ ਅਤੇ ਪੀਐੱਚ.ਡੀ. ਲਈ ਦਾਖਲੇ ਸ਼ੁਰੂ ਹੋ ਚੁੱਕੇ ਹਨ।

# ਕਾਨੂੰਨੀ ਸੇਵਾਵਾਂ ਅਥਾਰਟੀ ਪਟਿਆਲਾ ਵਲੋਂ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਸਿਵਲ ਲਾਈਨ ਵਿਖੇ ਮੁਫ਼ਤ ਕਾਨੂੰਨੀ ਸੇਵਾਵਾਂ ਜਾਗਰੂਕਤਾ ਸੈਮੀਨਾਰ ਆਯੋਜਿਤ

## ਲੋਕ ਮੁਫ਼ਤ ਕਾਨੂੰਨੀ ਸੇਵਾਵਾਂ ਦਾ ਵੱਧ ਤੋਂ ਵੱਧ ਲਾਹਾ ਲੈਣ ਤੇ ਆਵਾਜਾਈ ਨਿਯਮਾਂ ਦੀ ਪਾਲਣਾ ਕਰਨ - ਪ੍ਰਿੰਸੀਪਲ ਮੈਡਮ ਸੀਮਾ ਉੱਪਲ

ਪਟਿਆਲਾ (ਲੋਕ ਬਾਣੀ)- ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ ਦੀ ਸਰਪ੍ਰਸਤੀ ਅਤੇ ਮਾਣਯੋਗ ਅਮਨਦੀਪ ਕੰਬੋਜ ਚੀਫ਼ ਜੁਡੀਸ਼ੀਅਲ ਮੈਜਿਸਟਰੇਟ ਕਮ ਸੈਕਟਰੀ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਪਟਿਆਲਾ ਵਲੋਂ ਸਿੱਖਿਆ ਵਿਭਾਗ, ਜ਼ਿਲ੍ਹਾ ਸਾਂਝ ਕੇਂਦਰ, ਗੈਰ ਸਰਕਾਰੀ ਸੰਸਥਾਂ ਸੋਸ਼ਲ ਅਵੇਰਨੈੱਸ ਟ੍ਰੈਫ਼ਿਕ ਹੁੱਕ (ਸਾਥ) ਪਟਿਆਲਾ ਅਤੇ ਸਕੂਲ ਪ੍ਰਬੰਧਕ ਕਮੇਟੀ ਦੇ ਸਹਿਯੋਗ ਨਾਲ ਇੱਕ ਮੁਫ਼ਤ ਕਾਨੂੰਨੀ ਸੇਵਾਵਾਂ ਜਾਗਰੂਕਤਾ ਸੈਮੀਨਾਰ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਸਿਵਲ ਲਾਈਨ ਪਟਿਆਲਾ ਵਿਖੇ ਆਯੋਜਿਤ ਕੀਤਾ ਗਿਆ। ਸੈਮੀਨਾਰ ਵਿੱਚ ਉੱਘੇ ਸਮਾਜਸੇਵੀ, ਮੋਟੀਵੇਸ਼ਨਲ ਕੀ ਨੋਟ ਸਪੀਕਰ ਭਗਵਾਨ ਦਾਸ ਗੁਪਤਾ, ਪੈਰਾ ਲੀਗਲ ਵਲੰਟੀਅਰ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਪਟਿਆਲਾ ਵਲੋਂ ਅਧਿਆਪਕਾਂ, ਵਿਦਿਆਰਥੀਆਂ, ਮਾਪਿਆਂ ਪ੍ਰਬੰਧਕ ਕਮੇਟੀ ਮੈਂਬਰਾਂ ਤੇ? ਮਿਡ - ਡੇ ਮੀਲ ਵਰਕਰਾਂ ਨੂੰ ਮੁਫ਼ਤ ਕਾਨੂੰਨੀ ਸੇਵਾਵਾਂ, ਲੋਕ ਅਦਾਲਤਾਂ ਦੇ ਲਾਭ, ਅਥਾਰਟੀ ਵੱਲੋਂ ਦਿੱਤੀਆਂ ਜਾਂਦੀਆਂ ਮੁਫ਼ਤ ਕਾਨੂੰਨੀ ਸੇਵਾਵਾਂ,ਤਿੰਨ ਨਵੇਂ ਕਨੂੰਨਾਂ, ਪੰਜਾਬ ਪੀੜਤ ਮੁਆਵਜ਼ਾ ਯੋਜਨਾ,ਜਿਨਸੀ ਹਮਲਾ ਪੀੜਤ ਮੁਆਵਜਾ, ਲੇਬਰ ਕਾਰਡ, ਪੈਨਸ਼ਨਾਂ ਆਦਿ, ਬਾਲ ਵਿਆਹ, ਪੋਕਸੋ ਐਕਟ,ਟੋਲ ਫ੍ਰੀ ਨੰਬਰ 15100 ਅਤੇ ਨੈਸ਼ਨਲ ਲੋਕ ਅਦਾਲਤ ਤੇ ਸਥਾਈ ਲੋਕ ਅਦਾਲਤ ਬਾਰੇ ਜਾਣਕਾਰੀ ਦਿੱਤੀ।




# ਡਰਾਈਵਿੰਗ ਲਾਇਸੈਂਸ ਅਤੇ ਵਾਹਨ ਰਜਿਸਟਰੇਸ਼ਨ ਨਾਲ ਸਬੰਧਿਤ 27 ਸੇਵਾਵਾਂ ਅਤੇ ਹੋਰ ਸੇਵਾਵਾਂ ਹੁਣ ਸੇਵਾ ਕੇਂਦਰਾਂ 'ਚ ਮਿਲਣਗੀਆਂ - ਜ਼ਿਲ੍ਹਾ ਪ੍ਰਧਾਨ ਜੋਬਨ ਰੰਧਾਵਾ

## ਡੋਰ ਸਟੈਪ ਡਿਲਿਵਰੀ ਰਾਹੀਂ 1076 'ਤੇ ਵੀ ਉਪਲਬਧ ਰਹਿਣਗੀਆਂ ਸੇਵਾਵਾਂ - ਜੋਬਨ ਰੰਧਾਵਾ

ਗੁਰਦਾਸਪੁਰ, ( ਜਸਵਿੰਦਰ ਸਿੰਘ ) - ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਆਮ ਲੋਕਾਂ ਨੂੰ ਵੱਡੀ ਸਹੂਲਤ ਦਿੰਦੇ ਹੋਏ ਮਾਲ ਵਿਭਾਗ ਨਾਲ ਸਬੰਧਿਤ 5 ਹੋਰ ਸੇਵਾਵਾਂ ਅਤੇ ਡਰਾਈਵਿੰਗ ਲਾਇਸੰਸ ਤੇ ਵਾਹਨ ਰਜਿਸਟ੍ਰੇਸ਼ਨ ਨਾਲ ਸਬੰਧਿਤ ਟਰਾਂਸਪੋਰਟ ਵਿਭਾਗ ਦੀਆਂ 27 ਸੇਵਾਵਾਂ ਹੁਣ ਸੇਵਾ ਕੇਂਦਰਾਂ 'ਚ ਮੁਹੱਈਆ ਕਰਾਈਆਂ ਹਨ। ਇਨ੍ਹਾਂ ਸੇਵਾਵਾਂ ਵਿਚ 15 ਸੇਵਾਵਾਂ ਡਰਾਈਵਿੰਗ ਲਾਇਸੈਂਸ ਨਾਲ ਸਬੰਧਿਤ ਅਤੇ 12 ਵਾਹਨ ਰਜਿਸਟ੍ਰੇਸ਼ਨ ਨਾਲ ਸਬੰਧਿਤ ਹਨ। ਇਸ ਸਬੰਧੀ ਮੀਡੀਆ ਨੂੰ ਜਾਣਕਾਰੀ ਦਿੰਦੇ ਹੋਏ ਜ਼ਿਲ੍ਹਾ ਪ੍ਰਧਾਨ ਗੁਰਦਾਸਪੁਰ ਜੋਬਨ ਰੰਧਾਵਾ ਨੇ ਦੱਸਿਆ ਕਿ ਹੁਣ ਡੀਡ ਰਜਿਸਟ੍ਰੇਸ਼ਨ, ਡੀਡ ਦਾ ਖਰੜਾ ਤਿਆਰ ਕਰਨਾ, ਪੂਰਵ-ਪੜਤਾਲ ਲਈ ਡੀਡ ਜਮ੍ਹਾਂ ਕਰਨੀ, ਸਟੈਂਪ ਡਿਊਟੀ ਦਾ ਭੁਗਤਾਨ, ਇੰਤਕਾਲ ਲਈ ਬੇਨਤੀ (ਵਿਰਾਸਤ ਜਾਂ ਰਜਿਸਟਰਡ ਡੀਡ ਦੇ ਆਧਾਰ 'ਤੇ, ਰਪਟਾਂ ਦੇ ਦਾਖ਼ਲੇ ਲਈ ਬੇਨਤੀ (ਅਦਾਲਤੀ ਆਦੇਸ਼ਾਂ, ਬੈਂਕ ਕਰਜ਼ੇ ਦੇ ਗਿਰਵੀਨਾਮੇ ਜਾਂ ਬੈਂਕ ਕਰਜ਼ਿਆਂ/ਗਿਰਵੀਨਾਮੇ ਦੀ ਮੁਆਫ਼ੀ ਨਾਲ ਸਬੰਧਿਤ), ਫ਼ਰਦ ਬਦਰ ਲਈ ਬੇਨਤੀ (ਰਿਕਾਰਡ ਵਿੱਚ ਸੁਧਾਰ), ਡਿਜਿਟਲ ਤੌਰ 'ਤੇ ਦਸਤਖ਼ਤ ਕੀਤੀ ਫ਼ਰਦ ਲਈ ਬੇਨਤੀ ਅਤੇ ਡਰਾਈਵਿੰਗ ਲਾਇਸੰਸ ਨਾਲ ਸਬੰਧਿਤ 15 ਅਤੇ ਵਾਹਨ ਰਜਿਸਟ੍ਰੇਸ਼ਨ ਨਾਲ ਸਬੰਧਿਤ 12 ਸੇਵਾਵਾਂ ਸੇਵਾ ਕੇਂਦਰਾਂ ਤੋਂ ਮਿਲਣਗੀਆਂ



# ਇਲੈਕਟਰੀਕਲ ਟਰੇਡਰਜ਼ ਐਸੋਸੀਏਸ਼ਨ ਨੇ ਜਰੂਰਤਮੰਦ ਪਰਿਵਾਰਾਂ ਨੂੰ ਦਿੱਤਾ ਰਾਸ਼ਨ

ਅੰਮ੍ਰਿਤਸਰ, (ਲੋਕ ਬਾਣੀ)- ਇਲੈਕਟਰੀਕਲ ਟਰੇਡਰਜ਼ ਐਸੋਸੀਏਸ਼ਨ ਅੰਮ੍ਰਿਤਸਰ ਦੇ ਪ੍ਰਧਾਨ ਬਲਬੀਰ ਭਸੀਨ ਦੀ ਅਗਵਾਈ ਹੇਠ ਜਰੂਰਤਮੰਦ ਪਰਿਵਾਰਾਂ ਨੂੰ ਰਾਸ਼ਨ ਭੇਟ ਕੀਤਾ ਗਿਆ। ਹਫਤਾਵਾਰੀ 27ਵਾਂ ਰਾਸ਼ਨ ਵੰਡ ਸਮਾਰੋਹ ਗੀਤਾਂਜਲੀ ਇਲੈਕਟ੍ਰੋਨਿਕਸ ਸਟੋਰ ਵਿਖੇ ਕਰਵਾਇਆ ਗਿਆ। ਬਲਬੀਰ ਭਸੀਨ ਨੇ ਕਿਹਾ ਕਿ ਐਸੋਸੀਏਸ਼ਨ ਵੱਲੋਂ ਸਮੇਂ ਸਮੇਂ ਅਨੁਸਾਰ ਜਰੂਰਤਮੰਦ ਪਰਿਵਾਰਾਂ ਨੂੰ ਰਾਸ਼ਨ ਦੇਣ ਦੇ ਨਾਲ ਨਾਲ ਹੋਰ ਕਈ ਤਰ੍ਹਾਂ ਦੇ ਸਮਾਜ ਸੇਵੀ ਕੰਮਾਂ ਲੈ ਪਾ ਵੱਧ ਚੜ ਕੇ ਯੋਗਦਾਨ ਦਿੱਤਾ ਜਾਂਦਾ ਹੈ। ਉਹਨਾਂ ਨੇ ਕਿਹਾ ਕਿ ਪ੍ਰਭੂ ਇੱਛਾ ਅਨੁਸਾਰ ਇਹ ਸੇਵਾ ਲਗਾਤਾਰ ਜਾਰੀ ਰੱਖੀ ਜਾਵੇਗੀ। ਇਸ ਮੌਕੇ ਤੇ ਚੇਅਰਮੈਨ ਰਣਜੀਤ ਸਿੰਘ ਅਰੋੜਾ,ਕੈਸ਼ੀਅਰ ਹਰਜੀਤ ਸਿੰਘ ਕਲਸੀ,ਜਨਰਲ ਸੈਕਟਰੀ ਅਸ਼ਵਨੀ ਸ਼ਰਮਾ, ਰਕੇਸ਼ ਗੁਪਤਾ,ਮਨੀਸ਼ ਸਹਿਗਲ,ਰਾਹੁਲ ਸ਼ਰਮਾ,ਰਿਸ਼ਭ ਭਸੀਨ ਸਮੇਤ ਹੋਰ ਕਈ ਅਹੁਦੇਦਾਰ ਅਤੇ ਮੈਂਬਰ ਵੀ ਮੌਜੂਦ ਸਨ।




# ਵਿਸ਼ਵ ਪੱਧਰ ਤੇ ਵੱਧ ਰਹੀ ਤਪਸ਼ ਨੂੰ ਘੱਟ ਕਰਨ ਵਿੱਚ ਆਪਣਾ ਯੋਗਦਾਨ ਪਾਉਣ ਲਈ 75ਵਾਂ ਵਣ-ਮਹਾਂਉਤਸਵ ਮਨਾਇਆ

ਜਲੰਧਰ (ਲੋਕ ਬਾਣੀ)-ਵਿਸ਼ਵ ਪੱਧਰ ਤੇ ਵੱਧ ਰਹੀ ਤਪਸ਼ ਨੂੰ ਘੱਟ ਕਰਨ ਵਿੱਚ ਆਪਣਾ ਯੋਗਦਾਨ ਪਾਉਣ ਅਤੇ ਪੀ.ਏ.ਪੀ ਕੈਂਪਸ ਨੂੰ ਪ੍ਰਦੂਸ਼ਨ ਰਹਿਤ ਅਤੇ ਹਰਿਆਂ ਭਰਿਆਂ ਬਣਾਉਣ ਦੇ ਮਕਸਦ ਨਾਲ ਮਿਤੀ 28-07-2025 ਨੂੰ ਪੀ.ਏ.ਪੀ ਹੈਡਕੁਆਟਰ ਜਲੰਧਰ ਛਾਉਣੀ ਵਿਖੇ 75ਵਾਂ ਵਣ-ਮਹਾਂਉਤਸੱਵ ਮਨਾਇਆਂ ਗਿਆ। ਇਸ ਮੌਕੇ ਤੇ ਮੁੱਖ ਮਹਿਮਾਨ ਸ੍ਰੀ ਐਮ.ਐਫ.ਫਾਰੂਕੀ, ਆਈ.ਪੀ.ਐਸ, ਏ.ਡੀ.ਜੀ.ਪੀ/ ਸਟੇਟ ਆਰਮਡ ਪੁਲਿਸ, ਜਲੰਧਰ ਜੀ ਨੇ ਆਪਣੇ ਕਰ-ਕਮਲਾਂ ਨਾਲ ਪੌਦੇ ਲਗਾ ਕੇ ਵਣ-ਮਹਾਂਉਤਸਵ ਦਾ ਸ਼ੁਭ ਆਰੰਭ ਕੀਤਾ ਅਤੇ ਸਾਰਿਆਂ ਨੂੰ ਵੱਧ ਤੋਂ ਵੱਧ ਪੌਦੇ ਲਗਾਉਣ ਲਈ ਅਤੇ ਇਹਨਾਂ ਨੂੰ ਬਚਾਉਣ ਲਈ ਪ੍ਰੇਰਿਤ ਕੀਤਾ। ਇਸ ਉਪਰੰਤ, ਸ੍ਰੀ ਰਾਜਪਾਲ ਸਿੰਘ ਸੰਧੂ, ਆਈ.ਪੀ.ਐਸ, ਡੀ.ਆਈ.ਜੀ, ਪੀ.ਏ.ਪੀ ਜਲੰਧਰ ਛਾਉਣੀ, ਸ੍ਰੀ ਵਿਵੇਕਸ਼ੀਲ ਸੋਨੀ ਆਈ.ਪੀ.ਐਸ ਕਮਾਡੈਂਟ, 75ਵੀ ਬਨ.ਪੀ.ਏ.ਪੀ, ਸ਼੍ਰੀਮਤੀ ਵਤਸਲਾ ਗੁਪਤਾ ਆਈ.ਪੀ.ਐਸ ਕਮਾਡੈਂਟ 27ਵੀ ਬਨ. ਪੀ.ਏ.ਪੀ, ਸ਼੍ਰੀ ਗੁਰਤੇਜਿੰਦਰ ਸਿੰਘ ਔਲਖ,ਪੀ.ਪੀ. ਐਸ,ਕਮਾਡੈਂਟ,7ਵੀ,ਬਨ,ਪੀ.ਏ.ਪੀ, ਸ੍ਰੀ ਹਰਕਮਲਪ੍ਰੀਤ ਸਿੰਘ ਖੱਖ,ਪੀ.ਪੀ.ਐਸ. ਏ.ਆਈ.ਜੀ./ਪੀ.ਏ.ਪੀ. ਜਲੰਧਰ. ਸ੍ਰੀ ਨਵਜੋਤ ਸਿੰਘ ਮਾਹਲ ਪੀ.ਪੀ.ਐਸ. ਕਮਾਡੈਂਟ, 80ਵੀ ਬਨ. ਪੀ.ਏ.ਪੀ, ਸ੍ਰੀ ਮਨਦੀਪ ਸਿੰਘ ਗਿੱਲ ਪੀ.ਪੀ.ਐਸ, ਕਮਾਡੈਂਟ ਸਿਖਲਾਈ, ਪੀ.ਏ.ਪੀ, ਸ੍ਰੀਮਤੀ ਰਸ਼ਮੀ ਵਿਜ, ਪ੍ਰਿੰਸੀਪਲ ਡੀ.ਏ.ਵੀ ਸਕੂਲ ਪੀ.ਏ.ਪੀ., ਸ੍ਰੀ ਅਲੋਕ ਸੋਂਧੀ ਐਮ.ਡੀ., ਪੰਜਾਬ-ਕਸ਼ਮੀਰ ਫਾਇਨਾਂਸ, ਸ੍ਰੀ ਆਸ਼ਮ ਸੋਂਧੀ, ਸ੍ਰੀ ਸੁਖਜਿੰਦਰ ਸਿੰਘ ਡੀ.ਐਸ.ਪੀ., ਸਿਖਲਾਈ, ਸ੍ਰੀ ਦਵਿੰਦਰ ਸਿੰਘ ਸੈਣੀ ਡੀ.ਐਸ.ਪੀ ਸਿਖਲਾਈ, ਸ੍ਰੀ ਮਨੀਸ਼ ਕੁਮਾਰ ਡੀ.ਐਸ.ਪੀ ਸਕਿਉਰਟੀ, ਸ੍ਰੀ ਦਲਵੀਰ ਸਿੰਘ ਡੀ.ਐਸ.ਪੀ ਕੰਟਰੋਲ ਰੂਮ, ਜੀ ਵੱਲੋਂ ਵੀ ਪੌਦੇ ਲਗਾਏ ਗਏ।



# ਪਿੰਡ ਝੁਗੇ ਗੁਲਾਬ ਵਿਖੇ ਡੇਂਗੂ ਜਾਗਰੂਕਤਾ ਕੈਂਪ ਲਗਾਇਆ



ਫਾਜਿਲਕਾ (ਲੋਕ ਬਾਣੀ)-ਮਾਣਯੋਗ ਸਿਵਲ ਸਰਜਨ ਫਾਜ਼ਿਲਕਾ ਡਾਕਟਰ ਰਾਜ ਕੁਮਾਰ ਅਤੇ ਜਿਲਾ ਐਪੀਡੀਮੋਲੋਜਿਸਟ ਡਾਕਟਰ ਸੁਨੀਤਾ ਕੰਬੋਜ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਅਤੇ ਐਸ ਐਮ ਓ ਡਾਕਟਰ ਕਵਿਤਾ ਸਿੰਘ ਜੀ ਦੀ ਯੋਗ ਅਗਵਾਈ ਅਤੇ ਐਸ ਆਈ ਵਿਜੇ ਕੁਮਾਰ ਨਾਗਪਾਲ ਦੀ ਰਹਿਨੁਮਾਈ ਹੇਠ ਸਬ ਸੈਂਟਰ ਬੇਹਕ ਖਾਸ ਅਧੀਨ ਪਿੰਡ ਝੁਗੇ ਗੁਲਾਬ ਵਿਖੇ ਡੇਂਗੂ ਜਾਗਰੂਕਤਾ ਕੈਂਪ ਲਗਾਇਆ ਗਿਆ। ਇਸ ਮੌਕੇ ਸਿਹਤ ਕਰਮਚਾਰੀ ਬਨਵਾਰੀ ਲਾਲ ਨੇ ਇਕੱਠੇ ਹੋਏ ਲੋਕਾਂ ਨੂੰ ਡੇਂਗੂ ਬੁਖਾਰ ਦੇ ਲੱਛਣਾਂ ਅਤੇ ਬਚਾਅ ਬਾਰੇ ਜਾਣਕਾਰੀ ਦਿੱਤੀ। ਇਸ ਮੌਕੇ ਲੋਕਾਂ ਨੂੰ ਘਰਾਂ ਅੰਦਰ ਅਤੇ ਬਾਹਰ ਸਾਫ ਪਾਣੀ ਨਾ ਖੜਾ ਹੋਣ ਦੇਣ ਬਾਰੇ ਜਾਗਰੂਕ ਕੀਤਾ ਗਿਆ।ਇਹ ਮੱਛਰ ਖੜੇ ਸਾਫ ਪਾਣੀ ਵਿੱਚ, ਫਰਿੱਜ਼ ਦੀ ਟਰੇਅ, ਕੂਲਰ, ਪਾਣੀ ਦੀਆ ਟੈਂਕੀਆ, ਗਮਲਿਆਂ ਵਿਚ ਪੈਦਾ ਹੁੰਦਾ ਹੈ ।ਇਹ ਬੁਖਾਰ ਏਡੀਜ਼ ਅਜਿਪਟੀ ਨਾਮ ਦੇ ਮੱਛਰ ਦੇ ਕੱਟਣ ਨਾਲ ਫੈਲਦਾ ਹੈ ਇਹ ਮੱਛਰ ਦਿਨ ਵੇਲੇ ਸਵੇਰੇ ਅਤੇ ਸ਼ਾਮ ਨੂੰ ਕੱਟਦਾ ਹੈ। ਡੇਂਗੂ ਬੁਖਾਰ ਦੇ ਲਛੱਣ ਤੇਜ ਬੁਖਾਰ,ਸਿਰ ਦਰਦ, ਘਬਰਾਹਟ ਉਲਟੀਆਂ, ਅੱਖਾਂ ਦੇ ਪਿਛਲੇ ਹਿੱਸੇ ਵਿੱਚ ਦਰਦ, ਪਲੇਟਲੈੱਟ ਸੈੱਲ ਘੱਟ ਜਾਣਾ, ਕਮਜ਼ੋਰੀ, ਮਾਸਪੇਸ਼ੀਆਂ ਵਿਚ ਦਰਦ, ਚਮੜੀ ਉਪਰ ਲਾਲ ਰੰਗ ਦੇ ਦਾਣੇ, ਹਾਲਤ ਖ਼ਰਾਬ ਹੋਣ ਦੀ ਸੂਰਤ ਵਿੱਚ ਨੱਕ ਅਤੇ ਮਸੂੜਿਆਂ ਵਿੱਚੋਂ ਖ਼ੂਨ ਵਗਣਾ।ਬੁਖਾਰ ਹੋਣ ਦੀ ਸੂਰਤ ਵਿੱਚ ਪੈਰਾਸਿਟਾਮੋਲ ਦੀ ਗੋਲੀ ਲੈਣੀ ਚਾਹੀਦੀ ਹੈ। ਮਰੀਜ਼ ਨੂੰ ਮੱਛਰਦਾਨੀ ਵਿੱਚ ਰਹਿਣਾ ਚਾਹੀਦਾ ਹੈ।

# ਪੰਜਾਬ ਸਰਕਾਰ ਨੇ ਜੂਨ 2025 ਤੱਕ 1347 ਕਰੋੜ ਰੁਪਏ ਦੀ ਬੁਢਾਪਾ ਪੈਨਸ਼ਨ ਜਾਰੀ ਕੀਤੀ : ਜਗਰੂਪ ਸਿੰਘ ਸੇਖਵਾਂ

## 22.75 ਲੱਖ ਲਾਭਪਾਤਰੀ ਬਜ਼ੁਰਗਾਂ ਨੂੰ ਬੁਢਾਪਾ ਪੈਨਸ਼ਨ ਦਾ ਲਾਭ ਮਿਲਿਆ

ਗੁਰਦਾਸਪੁਰ, ( ਲੋਕ ਬਾਣੀ ) – ਪੰਜਾਬ ਸਰਕਾਰ ਰਾਜ ਦੇ ਸਾਰੇ ਬਜ਼ੁਰਗਾਂ ਦੀ ਭਲਾਈ ਲਈ ਵਚਨਬੱਧ ਹੈ ਅਤੇ ਰਾਜ ਸਰਕਾਰ ਵੱਲੋਂ ਬਜ਼ੁਰਗ ਨਾਗਰਿਕਾਂ ਦੀ ਭਲਾਈ ਲਈ ਕੀਤੇ ਜਾ ਰਹੇ ਉੱਦਮਾਂ ਤਹਿਤ, ਬੁਢਾਪਾ ਪੈਨਸ਼ਨ ਯੋਜਨਾ ਦੇ ਅਧੀਨ ਜੂਨ 2025 ਤੱਕ 1347 ਕਰੋੜ ਰੁਪਏ ਦੀ ਰਕਮ ਜਾਰੀ ਕੀਤੀ ਗਈ ਹੈ ਇਸ ਸਬੰਧੀ ਜਾਣਕਾਰੀ ਦਿੰਦਿਆਂ ਜ਼ਿਲ੍ਹਾ ਯੋਜਨਾ ਕਮੇਟੀ ਗੁਰਦਾਸਪੁਰ ਦੇ ਚੇਅਰਮੈਨ ਸ. ਜਗਰੂਪ ਸਿੰਘ ਸੇਖਵਾਂ ਨੇ ਦੱਸਿਆ ਕਿ ਇਸ ਮਿਆਦ ਦੌਰਾਨ 22.75 ਲੱਖ ਬਜ਼ੁਰਗ ਲਾਭਪਾਤਰੀਆਂ ਨੇ ਯੋਜਨਾ ਦਾ ਲਾਭ ਪ੍ਰਾਪਤ ਕੀਤਾ ਹੈ। ਉਨ੍ਹਾਂ ਕਿਹਾ ਕਿ ਚਾਲੂ ਵਿੱਤੀ ਸਾਲ ਲਈ ਰਾਜ ਸਰਕਾਰ ਵੱਲੋਂ ਬੁਢਾਪਾ ਪੈਨਸ਼ਨ ਲਈ 4100 ਕਰੋੜ ਰੁਪਏ ਦਾ ਬਜਟ ਉਪਲਬਧ ਕਰਵਾਇਆ ਗਿਆ ਹੈ ਚੇਅਰਮੈਨ ਜਗਰੂਪ ਸਿੰਘ ਸੇਖਵਾਂ ਨੇ ਕਿਹਾ ਕਿ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਬਜ਼ੁਰਗਾਂ ਦੀ ਭਲਾਈ ਲਈ ਪੂਰੀ ਤਰ੍ਹਾਂ ਵਚਨਬੱਧ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਚਲਾਈਆਂ ਜਾ ਰਹੀਆਂ ਸਮਾਜਿਕ ਸੁਰੱਖਿਆ ਯੋਜਨਾਵਾਂ ਬਜ਼ੁਰਗਾਂ ਦੀ ਸਮਾਜਿਕ ਅਤੇ ਆਰਥਿਕ ਸੁਰੱਖਿਆ ਦਾ ਬੁਨਿਆਦੀ ਸਹਾਰਾ ਹਨ ਅਤੇ ਇਹ ਯਕੀਨੀ ਬਣਾਇਆ ਜਾਵੇਗਾ ਕਿ ਹਰ ਇਕ ਹੱਕਦਾਰ ਤੱਕ ਇਹ ਸਹੂਲਤ ਬਿਨਾਂ ਰੁਕਾਵਟ ਪਹੁੰਚੇ।



# ਪੰਜਾਬ ਪੁਲਿਸ ਦੇ ਸਬ ਇੰਸਪੈਕਟਰ ਨੂੰ ਕੇਂਦਰੀਕ੍ਰਿਤ ਪੁਲਿਸ ਮਾਲਖਾਨਾ ਵਿੱਚ ਹੈਰੋਇਨ ਨਾਲ ਛੇੜਛਾੜ ਕਰਨ ਦੇ ਦੋਸ਼ ਵਿੱਚ ਪੰਜ ਸਾਲ ਦੀ ਕੈਦ

ਫਾਜ਼ਿਲਕਾ (ਲੋਕ ਬਾਣੀ)- ਪੰਜਾਬ ਪੁਲਿਸ ਦੇ ਸਬ ਇੰਸਪੈਕਟਰ ਨੂੰ ਕੇਂਦਰੀਕ੍ਰਿਤ ਪੁਲਿਸ ਮਾਲਖਾਨਾ ਵਿੱਚ ਹੈਰੋਇਨ ਨਾਲ ਛੇੜਛਾੜ ਕਰਨ ਦੇ ਦੋਸ਼ ਵਿੱਚ ਪੰਜ ਸਾਲ ਦੀ ਸਖ਼ਤ ਕੈਦ ਦੀ ਸਜ਼ਾ ਸੁਣਾਈ ਗਈ ਹੈ। ਵਧੀਕ ਸੈਸ਼ਨ ਜੱਜ, ਫਾਜ਼ਿਲਕਾ ਸ਼੍ਰੀ ਅਜੀਤ ਪਾਲ ਸਿੰਘ ਦੀ ਅਦਾਲਤ ਨੇ ਮਿਤੀ 28 ਜੁਲਾਈ 2025 ਨੂੰ ਪੰਜਾਬ ਪੁਲਿਸ ਦੇ ਸਬ ਇੰਸਪੈਕਟਰ ਮੇਜਰ ਸਿੰਘ ਨੂੰ ਪੁਲਿਸ ਸਟੇਸ਼ਨ ਸਿਟੀ ਫਾਜ਼ਿਲਕਾ ਵਿਖੇ ਦਰਜ ਐਫਆਈਆਰ ਨੰਬਰ 28 ਮਿਤੀ 01.04.2017 ਤੋਂ ਪੈਦਾ ਹੋਏ ਇੱਕ ਮਾਮਲੇ ਵਿੱਚ ਦੋਸ਼ੀ ਠਹਿਰਾਇਆ, ਜਿਸ ਵਿੱਚ ਉਨ੍ਹਾਂ ਅਤੇ ਸਹਿ-ਦੋਸ਼ੀ ਐਮਐਚਸੀ ਸੁਰਜੀਤ ਸਿੰਘ (ਮੌਤ ਤੋਂ ਬਾਅਦ) ਵਿਰੁੱਧ ਦੋਸ਼ ਸਨ ਕਿ ਉਨ੍ਹਾਂ ਨੇ ਕੇਂਦਰੀਕ੍ਰਿਤ ਮਾਲਖਾਨਾ ਪੁਲਿਸ ਲਾਈਨ, ਫਾਜ਼ਿਲਕਾ ਦੇ ਲਾਕਰ ਦੀ ਡੁਪਲੀਕੇਟ ਚਾਬੀ ਤਿਆਰ ਕੀਤੀ ਅਤੇ ਉਸ ਵਿੱਚ ਪਏ ਹੈਰੋਇਨ ਦੇ ਪੈਕੇਟ ਕੱਢੇ ਅਤੇ ਉਸ ਨਾਲ ਛੇੜਛਾੜ ਕੀਤੀ। ਹੈਰੋਇਨ ਦੇ ਪੈਕੇਟਾਂ ਨਾਲ ਛੇੜਛਾੜ ਕਰਨ ਤੋਂ ਬਾਅਦ ਦੋਸ਼ੀ ਨੇ ਦੁਬਾਰਾ ਉਸੇ ਲਾਕਰ ਵਿੱਚ ਰੱਖ ਦਿੱਤਾ।

ਪੁਲਿਸ ਦੇ ਅਨੁਸਾਰ ਕਾਂਸਟੇਬਲ ਜਗਜੀਤ ਸਿੰਘ ਨੇ ਵਿਸਲ ਬਲੋਅਰ ਵਜੋਂ ਕੰਮ ਕੀਤਾ ਅਤੇ ਮਾਮਲੇ ਦੀ ਜਾਣਕਾਰੀ ਏਐਸਆਈ ਭਗਤ ਸਿੰਘ ਨੂੰ ਦਿੱਤੀ, ਜਿਸਨੇ ਹਰਮੀਤ ਸਿੰਘ ਹੁੰਦਲ ਨੂੰ ਤਤਕਾਲੀ ਐਸਪੀ, ਫਾਜ਼ਿਲਕਾ ਨੂੰ ਸੂਚਿਤ ਕੀਤਾ। ਸ਼੍ਰੀ ਕੇਤਨ ਬਲੀਰਾਮ ਪਾਟਿਲ, ਤਤਕਾਲੀ ਐਸਐਸਪੀ, ਫਾਜ਼ਿਲਕਾ ਦੁਆਰਾ ਇੱਕ ਐਸਆਈਟੀ ਦਾ ਗਠਨ ਕੀਤਾ ਗਿਆ ਸੀ। ਅਦਾਲਤ ਨੇ ਐਸਆਈ ਮੇਜਰ ਸਿੰਘ ਨੂੰ ਪੰਜ ਸਾਲ ਦੀ ਸਖ਼ਤ ਕੈਦ ਦੇ ਨਾਲ-ਨਾਲ ਜੁਰਮਾਨੇ ਦੀ ਸਜ਼ਾ ਸੁਣਾਈ। ਦੋਸ਼ੀ ਮੇਜਰ ਸਿੰਘ ਨੂੰ ਆਈਪੀਸੀ, ਭ੍ਰਿਸ਼ਟਾਚਾਰ ਰੋਕਥਾਮ ਐਕਟ, ਨਾਰਕੋਟਿਕ ਡਰੱਗਜ਼ ਐਂਡ ਸਾਈਕੋਟ੍ਰੋਪਿਕ ਸਬਸਟੈਂਸ ਐਕਟ ਅਤੇ ਪੰਜਾਬ ਪੁਲਿਸ ਐਕਟ ਦੀਆਂ ਵੱਖ-ਵੱਖ ਧਾਰਾਵਾਂ ਤਹਿਤ ਦੋਸ਼ੀ ਠਹਿਰਾਇਆ ਗਿਆ ਹੈ। ਅਦਾਲਤ ਨੇ ਤਿੰਨ ਹੋਰ ਮੁਲਜ਼ਮਾਂ ਜੈ ਕਿਸ਼ਨ ਉਰਫ ਜੈਕੀ, ਸੀ. ਲਾਲ ਚੰਦ ਅਤੇ ਐੱਚਸੀ ਮਨਜਿੰਦਰ ਸਿੰਘ ਨੂੰ ਉਨ੍ਹਾਂ ਦੇ ਖਿਲਾਫ ਕੋਈ ਸਬੂਤ ਨਾ ਮਿਲਣ @ਤੇ ਬਰੀ ਕਰ ਦਿੱਤਾ।

# ਵਿਧਾਇਕ ਫਾਜ਼ਿਲਕਾ ਨੇ ਵਾਰਡ ਨੰ.20 ਕਸ਼ਯਪ ਕਾਲੋਨੀ ਫਾਜ਼ਿਲਕਾ ਵਿਖੇ ਪਹੁੰਚ ਕੇ ਲੋਕਾਂ ਦੀਆਂ ਸਮੱਸਿਆਵਾਂ ਸੁਣੀਆਂ

## ਕਿਹਾ, 20 ਲੱਖ ਦੀ ਲਾਗਤ ਨਾਲ ਕਸ਼ਯਪ ਭਾਈਚਾਰੇ ਲਈ ਕਮਿਊਨਿਟੀ ਹਾਲ ਬਣੇਗਾ



ਫਾਜ਼ਿਲਕਾ (ਲੋਕ ਬਾਣੀ)- ਫਾਜ਼ਿਲਕਾ ਦੇ ਵਿਧਾਇਕ ਸ੍ਰੀ. ਨਰਿੰਦਰਪਾਲ ਸਿੰਘ ਸਵਨਾ ਨੇ ਵਾਰਡ ਨੰ.20 ਕਸ਼ਯਪ ਕਾਲੋਨੀ ਫਾਜ਼ਿਲਕਾ ਵਿਖੇ ਪਹੁੰਚ ਕੇ ਲੋਕਾਂ ਦੀਆਂ ਸਮੱਸਿਆਵਾਂ ਸੁਣੀਆਂ। ਉਨ੍ਹਾਂ ਕਿਹਾ ਕਿ ਕਸ਼ਯਪ ਸਮਾਜ ਭਾਈਚਾਰੇ ਵੱਲੋਂ ਕਮਿਊਨਿਟੀ ਹਾਲ ਦੀ ਮੰਗ ਕੀਤੀ ਗਈ ਸੀ ਤੇ ਅੱਜ ਤੁਹਾਨੂੰ ਦੱਸਦੇ ਹੋਏ ਮੈਨੂੰ ਖੁਸ਼ੀ ਹੋ ਰਹੀ ਹੈ ਕਿ ਤੁਹਾਡੇ ਲਈ 20 ਲੱਖ ਦੀ ਲਾਗਤ ਨਾਲ ਇੱਥੇ ਕਮਿਊਨਿਟੀ ਹਾਲ ਬਣੇਗਾ। ਉਨ੍ਹਾਂ ਦੱਸਿਆ ਕਿ ਇਸ ਕਮਿਊਨਿਟੀ ਹਾਲ ਵਿੱਚ ਕਸਯਪ ਭਾਈਚਾਰਾ ਆਪਣੇ ਵਿਆਹ ਅਤੇ ਹੋਰ ਦੁੱਖ ਸੁੱਖ ਦੇ ਪ੍ਰੋਗਰਾਮ ਕਰ ਸਕਣਗੇ। ਉਨ੍ਹਾਂ ਕਿਹਾ ਕਿ ਪਹਿਲਾਂ ਕਸਯਪ ਭਾਈਚਾਰੇ ਨੂੰ ਆਪਣੇ ਵਿਆਹ ਸ਼ਾਦੀ ਦੇ ਪ੍ਰੋਗਰਾਮ ਲਈ ਪਹਿਲਾ ਪੈਲੇਸ ਬੁੱਕ ਕਰਨੇ ਪੈਂਦੇ ਸਨ ਜਿਸ ਤੇ ਉਨ੍ਹਾਂ ਨੂੰ ਕਾਫੀ ਪੈਸੇ ਵੀ ਖਰਚਣੇ ਪੈਂਦੇ ਸਨ ਤੇ ਹੁਣ ਉਹ ਇੱਥੇ ਹੀ ਆਪਣੇ ਪ੍ਰੋਗਰਾਮ ਮੁਫਤ ਵਿੱਚ ਹੀ ਕਰ ਸਕਦੇ ਹਨ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਹਰ ਵਰਗ ਦੀ ਭਲਾਈ ਲਈ ਯਤਨਸ਼ੀਲ ਹੈ। ਇਸ ਲਈ ਪੰਜਾਬ ਸਰਕਾਰ ਵੱਲੋਂ ਲਗਾਤਾਰ ਲੱਖਾਂ ਦੀ ਲਾਗਤ ਨਾਲ ਹਰ ਵਰਗ ਦੀ ਭਲਾਈ ਲਈ ਵਿਕਾਸ ਕਾਰਜ ਕੀਤੇ ਜਾ ਰਹੇ ਹਨ। ਉਨ੍ਹਾਂ ਕਸਯਪ ਕਾਲੋਨੀ ਵਾਸੀਆਂ ਦੀਆਂ ਸਮੱਸਿਆਵਾਂ ਜਿਵੇਂ ਕਿ ਪਾਣੀ, ਸੀਵਰੇਜ, ਸਾਫ ਸਫਾਈ, ਪੱਕੀਆਂ ਗਲੀਆਂ, ਨਾਲੀਆਂ ਤੇ ਸੜਕਾਂ ਆਦਿ ਸੁਣੀਆਂ ਤੇ ਸਮੱਸਿਆਵਾਂ ਦੇ ਹੱਲ ਸਬੰਧਿਤ ਵਿਭਾਗਾਂ ਦੇ ਅਧਿਕਾਰੀਆਂ ਨੂੰ ਵੀ ਕਿਹਾ।

# ਡਿਪਟੀ ਕਮਿਸ਼ਨਰ ਵਲੋਂ ਵਿਭਾਗੀ ਅਧਿਕਾਰੀਆਂ ਨੂੰ ਨਸ਼ਾ ਛੁਡਾਊ ਸੈਂਟਰਾਂ ਦਾ ਹ਼ਫਤਾਵਾਰੀ ਦੌਰਾ ਕਰਨ ਦੀਆਂ ਹਦਾਇਤਾਂ

## ਬਿਹਤਰ ਵਿਭਾਗੀ ਤਾਲਮੇਲ ਤੇ ਕਾਰਵਾਈ ਨਾਲ ਸੰਵੇਦਨਸ਼ੀਲ ਇਲਾਕਿਆਂ ਨੂੰ ਮਾਡਲ ਖੇਤਰਾਂ 'ਚ ਬਦਲਣ ਦਾ ਸੱਦਾ




ਜਲੰਧਰ, (ਲੋਕ ਬਾਣੀ)- ਨਸ਼ਿਆਂ ਦੀ ਲਾਹਨਤ ਨੂੰ ਖ਼ਤਮ ਕਰਨ ਦੀ ਵਚਨਬੱਧਤਾ ਨੂੰ ਦੁਹਰਾਉਂਦਿਆਂ ਡਿਪਟੀ ਕਮਿਸ਼ਨਰ ਡਾ.ਹਿਮਾਂਸ਼ੂ ਅਗਰਵਾਲ ਨੇ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਹਰ ਵੀਰਵਾਰ ਨੂੰ ਨਸ਼ਾ ਛੁਡਾਊ ਅਤੇ ਮੁੜ ਵਸੇਬਾ ਕੇਂਦਰਾਂ ਦਾ ਦੌਰਾ ਕੀਤਾ ਜਾਵੇ ਤਾਂ ਜੋ ਇਲਾਜ ਅਧੀਨ ਮਰੀਜ਼ਾਂ ਨਾਲ ਗੱਲਬਾਤ ਕਰਕੇ ਉਹਨਾਂ ਨੂੰ ਨਸ਼ਾ ਛੱਡਣ ਲਈ ਪ੍ਰੇਰਿਤ ਕੀਤਾ ਜਾ ਸਕੇ। ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਨਾਰਕੋ ਕੋਆਰਡੀਨੇਸ਼ਨ ਸੈਂਟਰ (ਨਾਰਕੋ) ਦੀ ਮੀਟਿੰਗ ਦੀ ਪ੍ਰਧਾਨਗੀ ਕਰਦਿਆ ਡਿਪਟੀ ਕਮਿਸ਼ਨਰ ਡਾ.ਅਗਰਵਾਲ ਨੇ ਖੇਤੀਬਾੜੀ, ਬਾਗਬਾਨੀ, ਹੁਨਰ ਵਿਕਾਸ, ਡੇਅਰੀ ਵਿਕਸ ਅਤੇ ਰੋਜ਼ਗਾਰ ਉੱਤਪਤੀ ਵਿਭਾਗਾਂ ਦੇ ਅਧਿਕਾਰੀਆਂ ਨੂੰ ਕਿਹਾ ਕਿ ਨਿਯਮਤ ਤੌਰ 'ਤੇ ਨਸ਼ਿਆਂ 'ਤੇ ਨਿਰਭਰ ਲੋਕਾਂ ਨਾਲ ਰਾਬਤਾ ਕਾਇਮ ਕਰਦਿਆਂ ਉਹਨਾਂ ਨੂੰ ਸਮਾਜ ਦੀ ਮੁੱਖ ਧਾਰਾ ਵਿੱਚ ਮੁੜ ਸ਼ਾਮਿਲ ਕਰਨ ਲਈ ਪ੍ਰੇਰਿਤ ਤੇ ਜਾਗਰੂਕ ਕਰਦਿਆਂ ਸਮਾਜ ਵਿੱਚ ਮਾਨ-ਸਨਮਾਨ ਨਾਲ ਜੀਵਨ ਨਿਰਬਾਹ ਲਈ ਰੋਜ਼ਗਾਰ ਦੇ ਵੱਖ-ਵੱਖ ਮੌਕਿਆਂ ਤੋਂ ਜਾਣੂੰ ਕਰਵਾਇਆ ਜਾਵੇ। ਪੰਜਾਬ ਸਰਕਾਰ ਦੀ ਨਸ਼ਿਆਂ ਵਿਰੁੱਧ ਸ਼ੁਰੂ ਕੀਤੀ ਗਈ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਨੂੰ ਹੋਰ ਮਜ਼ਬੂਤ ਕਰਦਿਆਂ ਡਿਪਟੀ ਕਮਿਸ਼ਨਰ ਨੇ ਵੱਖ-ਵੱਖ ਵਿਭਾਗਾਂ ਨੂੰ ਕਿਹਾ ਕਿ ਨਸ਼ਿਆਂ ਦੀਆਂ ਹਾਟਸਪਾਟ ਥਾਵਾਂ ਲਈ ਵਿਕਾਸ ਸਕੀਮਾਂ ਦਾ ਖਾਕਾ ਤਿਆਰ ਕੀਤਾ ਜਾਵੇ।

# ਪੰਜਾਬ ਸਫਾਈ ਮਜ਼ਦੂਰ ਮਹਾਸੰਘ ਸ਼ਾਖਾ ਨਵਾਂਗਾਓਂ 31 ਜੁਲਾਈ ਤੋਂ ਅਣਮਿੱਥੇ ਸਮੇਂ ਲਈ ਹੜਤਾਲ 'ਤੇ ਜਾਵੇਗੀ

## ਸਾਰੇ ਨਵਾਂਗਾਓਂ ਵਿੱਚ ਬਦਬੂ ਫੈਲ ਜਾਵੇਗੀ - ਜੈ ਪਾਲ ਟਾਂਕ

ਜੇ ਕੇ ਬੱਤਾ ਖਰੜ-ਪੰਜਾਬ ਸਫਾਈ ਕਰਮਚਾਰੀ ਸੰਘ (ਰਜਿਸਟਰਡ ਅਤੇ ਮਾਨਤਾ ਪ੍ਰਾਪਤ) ਸ਼ਾਖਾ ਨਵਾਂਗਾਓਂ, ਜ਼ਿਲ੍ਹਾ ਮੋਹਾਲੀ, ਚੇਅਰਮੈਨ ਜੈ ਪਾਲ ਟਾਂਕ, ਸੁਖਬੀਰ ਪ੍ਰਧਾਨ ਅਤੇ ਤੀਰਥਪਾਲ ਉਪ-ਪ੍ਰਧਾਨ ਨੇ ਕਿਹਾ ਕਿ ਜੇਕਰ ਅਸੀਂ ਨਗਰ ਕੌਂਸਲ ਨਵਾਂਗਾਓਂ ਦੀ ਸੀਮਾ ਵਿੱਚ ਆਉਂਦੇ ਖੇਤਰ ਦੇ ਘਰ-ਘਰ ਕੂੜਾ ਇਕੱਠਾ ਕਰਨ ਦਾ ਠੇਕਾ ਇੱਕ ਨਿੱਜੀ ਕੰਪਨੀ ਨੂੰ ਦੇਣ ਦੀ ਕਾਰਵਾਈ ਕੀਤੀ ਹੈ। ਇਹ ਸਹੀ ਨਹੀਂ ਹੈ, ਇਹ ਠੇਕਾ ਦੇ ਕੇ ਤੁਸੀਂ ਵਾਲਮੀਕਿ ਭਾਈਚਾਰੇ ਨੂੰ ਆਰਥਿਕ ਗੁਲਾਮ ਬਣਾਉਣ ਦੀ ਕਾਰਵਾਈ ਕਰ ਰਹੇ ਹੋ। ਜਿਸ ਨੂੰ ਕਿਸੇ ਵੀ ਕੀਮਤ 'ਤੇ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਇਹ ਵੀ ਜ਼ਿਕਰਯੋਗ ਹੈ ਕਿ 18/7/2025 ਨੂੰ ਨਗਰ ਭਵਨ ਸੈਕਟਰ 35, ਚੰਡੀਗੜ੍ਹ ਵਿੱਚ ਯੂਨੀਅਨ ਦੇ ਨੁਮਾਇੰਦਿਆਂ ਨਾਲ ਇੱਕ ਮੀਟਿੰਗ ਮਾਨਯੋਗ ਮੰਤਰੀ ਸਥਾਨਕ ਸਰਕਾਰਾਂ ਡਾ. ਰਵਜੋਤ ਸਿੰਘ ਜੀ ਅਤੇ ਸਫਾਈ ਕਰਮਚਾਰੀ ਕਮਿਸ਼ਨ ਪੰਜਾਬ ਦੇ ਚੇਅਰਮੈਨ ਸ੍ਰੀ ਚੰਦਨ ਗਰੇਵਾਲ ਜੀ ਦੀ ਪ੍ਰਧਾਨਗੀ ਹੇਠ ਹੋਈ ਸੀ। ਇਸ ਮੀਟਿੰਗ ਵਿੱਚ ਮੰਤਰੀ ਨੇ ਦਿੱਤੇ ਜਾ ਰਹੇ ਇਨ੍ਹਾਂ ਠੇਕਿਆਂ 'ਤੇ ਵਿਚਾਰ ਕਰਨ ਲਈ ਕਿਹਾ ਹੈ ਅਤੇ ਮਾਣਯੋਗ ਚੰਦਨ ਗਰੇਵਾਲ ਪ੍ਰਧਾਨ ਨੇ ਇਹ ਵੀ ਕਿਹਾ ਹੈ ਕਿ ਜਦੋਂ ਤੱਕ ਸਰਕਾਰੀ ਪੱਧਰ 'ਤੇ ਕੋਈ ਫੈਸਲਾ ਨਹੀਂ ਲਿਆ ਜਾਂਦਾ, ਕੋਈ ਵੀ ਠੇਕਾ ਕਿਤੇ ਵੀ ਲਾਗੂ ਨਹੀਂ ਕੀਤਾ ਜਾਵੇਗਾ। ਇਸ ਲਈ, ਪੰਜਾਬ ਸਫਾਈ ਮਜ਼ਦੂਰ ਮਹਾਂਸੰਘ ਤੁਹਾਡੇ ਤੋਂ ਪੁਰਜ਼ੋਰ ਮੰਗ ਕਰਦਾ ਹੈ ਕਿ ਤੁਸੀਂ ਘਰ-ਘਰ ਕੂੜਾ ਇਕੱਠਾ ਕਰਨ ਦੇ ਠੇਕੇ ਲੈਣ ਦੀ ਪ੍ਰਕਿਰਿਆ ਨੂੰ ਬੰਦ ਕਰੋ। ਇਸਨੂੰ ਤੁਰੰਤ ਪ੍ਰਭਾਵ ਨਾਲ ਬੰਦ ਕੀਤਾ ਜਾਵੇ, ਨਹੀਂ ਤਾਂ ਸੰਗਠਨ ਸ਼ਹਿਰ ਵਿੱਚ ਘਰ-ਘਰ ਕੂੜਾ ਇਕੱਠਾ ਕਰਨ ਦਾ ਕੰਮ ਬੰਦ ਕਰਨ ਅਤੇ 31/7/2025 ਤੋਂ ਅਣਮਿੱਥੇ ਸਮੇਂ ਲਈ ਹੜਤਾਲ 'ਤੇ ਜਾਣ ਲਈ ਮਜਬੂਰ ਹੋਵੇਗਾ। ਜੇਕਰ ਹੜਤਾਲ ਦੌਰਾਨ ਕੋਈ ਅਣਸੁਖਾਵੀਂ ਘਟਨਾ ਵਾਪਰਦੀ ਹੈ, ਤਾਂ ਇਸਦੀ ਜ਼ਿੰਮੇਵਾਰੀ ਤੁਹਾਡੀ ਹੋਵੇਗੀ। ਤੁਹਾਡੇ ਘਰ ਤੋਂ ਕੂੜਾ ਨਹੀਂ ਚੁੱਕਿਆ ਜਾਵੇਗਾ - ਸਾਰੇ ਨਵਾਂਗਾਓਂ ਵਿੱਚ ਬਦਬੂ ਫੈਲ ਜਾਵੇਗੀ।

# ਪੱਟੀ 'ਚ 'ਮਾਤਾ ਚਿੰਤਪੁਰਨੀ ਦੇ ਸਾਵਣ ਮੇਲੇ ਦੌਰਾਨ ਹਰਿਆਲੀ ਤੀਜ਼ ਮਨਾਈ

## ਭਜਨ ਗਾਇਕ ਜਤਿੰਦਰ ਰਾਜਾ 'ਤੇ ਜਸਬੀਰ ਜੱਸੀ ਦੀਆਂ ਭੇਟਾ 'ਤੇ ਝੂਮੇ ਸ਼ਰਧਾਲੂ

ਪੱਟੀ : (ਹੈਪੀ ਸਭਰਾਂ)-ਜੈ ਮਾਂ ਚਿੰਤਪੁਰਨੀ ਮੈਨੇਜਮੈਂਟ ਕਮੇਟੀ ਵੱਲੋਂ ਪੱਟੀ ਵਿਖੇ 'ਮਾਤਾ ਚਿੰਤਪੁਰਨੀ ਦਾ ਸਾਵਣ ਮੇਲਾ' 'ਤੇ ਦੂਸਰਾ ਲੰਗਰ ਭੰਡਾਰਾ ਸ਼ਹੀਦ ਸੋਹਨ ਲਾਲ ਪਾਠਕ ਪਾਰਕ ਪੱਟੀ ਵਿਖੇ ਮਨਾਇਆ ਜਾ ਰਿਹਾ ਹੈ। ਅੱਜ ਔਰਤਾ ਵੱਲੋਂ ਮੇਲੇ ਦੌਰਾਨ ਹਰਿਆਲੀ ਤੀਜ਼ ਮਨਾਈ ਗਈ। ਮਾ ਦੁਰਗਾ ਭਜਨ ਮੰਡਲੀ ਵੱਲੋਂ ਮਾਤਾ ਰਾਣੀ ਦਾ ਸਤਿਸੰਗ ਆਯੋਜਿਤ ਕੀਤਾ ਗਿਆ। ਮਾਂ ਦੇ ਸ਼ਰਧਾਲੂਆਂ ਤੋਂ ਇਲਾਵਾ ਸ਼ਹਿਰ ਦੇ ਸਮਾਜ-ਸੇਵੀਂ ਸੰਸਥਾਵਾਂ ਦੇ ਨੁਮਾਇੰਦਿਆਂ ਵੱਲੋਂ ਸਾਥੀਆਂ ਸਮੇਤ ਹਾਜ਼ਰੀ ਭਰੀ ਅਤੇ ਮਾਤਾ ਰਾਣੀ ਦਾ ਆਸ਼ੀਰਵਾਦ ਲਿਆ। ਪ੍ਰਬੰਧਕਾਂ ਵੱਲੋਂ ਸਵੇਰੇ 6 ਵਜੇ ਤੋਂ ਹੀ ਲੰਗਰ ਭੰਡਾਰਾ ਸ਼ੁਰੂ ਕੀਤਾ ਹੋਇਆ ਹੈ। ਰਾਤ ਸਮੇਂ ਮਾਤਾ ਰਾਣੀ ਦੀ ਚੌਂਕੀ ਹੋਈ। ਜਿਸ ਵਿਚ ਪ੍ਰਸਿੱਧ ਭਜਨ ਗਾਇਕ ਰਾਜ ਨੰਬਰ ਵੰਨ ਨੇ ਮਾਤਾ ਰਾਣੀ ਦੀ ਮਹਿਮਾ ਦਾ ਗੁਣਗਾਣ ਕੀਤਾ। ਇਸ ਤੋਂ ਪਹਿਲ ਭਜਨ ਗਾਇਕ ਜਸਬੀਰ ਜੱਸੀ ਅਤੇ ਭਵਨ ਕੁਮਾਰ ਟਾਹ ਵੱਲੋਂ ਮਾਤਾ ਰਾਣੀ ਦੇ



ਭਜਨ ਗਾਏ। ਮਾਤਾ ਰਾਣੀ ਦੀਆ ਭੇਟਾ 'ਤੇ ਸ਼ਰਧਾਲੂ ਵੀਂ ਝੂਮ ਉੱਠੇ। ਮਾਂ ਦੇ ਭਗਤਾਂ ਨੇ ਨੱਚ-ਟੱਪ ਕੇ ਖ਼ੁਸ਼ੀ ਮਨਾਈ। ਇਸ ਮੌਕੇ 'ਤੇ ਹਾਜ਼ਰੀ ਮੇਹਮਾਨਾਂ ਨੇ ਸੰਗਤਾਂ ਨੂੰ ਸਮਾਗਮ ਦੀ ਵਧਾਈ ਦਿੱਤੀ ਅਤੇ ਪ੍ਰਬੰਧਕਾਂ ਦੀ ਸਲਾਘਾਂ ਕਰਦਿਆ ਆਖਿਆ ਕਿ ਬਹੁਤ ਵਧੀਆਂ ਉਪਰਾਲਾ ਕੀਤਾ ਗਿਆ ਹੈ। ਅਜਿਹੇ ਧਾਰਮਿਕ ਸਮਾਗਮ ਸ਼ਹਿਰ ਵਿਚ ਹੋਣੇ ਚਾਹੀਦੇ ਹਨ। ਇਸ ਮੌਕੇ 'ਤੇ ਪ੍ਰਬੰਧਕ ਕਮੇਟੀ ਵੱਲੋਂ ਆਏ ਮੇਹਮਾਨਾਂ ਨੂੰ ਮਾਤਾ ਰਾਣੀ ਦੀ ਚੁੰਨੀ ਦੇ ਕੇ ਸਨਮਾਨਿਤ ਕੀਤਾ ਗਿਆ।

# ਕੈਨਰਾ ਬੈਂਕ ਦੇ ਖਾਤਿਆਂ ਨੇ ਮਿਡ ਡੇ ਮੀਲ ਦੇ ਕੁੱਕ ਕਮ ਹੈਲਪਰ ਕੀਤੇ ਖੱਜਲ ਖੁਆਰ ਖਾਤੇ ਸਕੂਲ ਪੱਧਰ ਜਾਂ ਸੈਂਟਰ ਪੱਧਰ ਤੇ ਖੋਲੇ ਜਾਣ : ਨਵਪ੍ਰੀਤ ਬੱਲੀ

ਜੇ ਕੇ ਬੱਤਾ ਖਰੜ, ਵਿੱਤ ਸਕੱਤਰ ਸੋਮ ਸਿੰਘ ਅਤੇ ਪ੍ਰੈਸ ਸਕੱਤਰ ਐਨ.ਡੀ. ਤਿਵਾੜੀ ਨੇ ਕਾਂਸਲ ਨਯਾਗਾਓਂ ਵਿੱਚ ਇੱਕ ਪ੍ਰੈਸ ਕਾਨਫਰੰਸ ਵਿੱਚ ਦੱਸਿਆ ਕਿ ਗੌਰਮਿੰਟ ਟੀਚਰਜ਼ ਯੂਨੀਅਨ ਪੰਜਾਬ (ਵਿਗਿਆਨਿਕ) ਦੇ ਸੂਬਾ ਪ੍ਰਧਾਨ ਨਵਪ੍ਰੀਤ ਸਿੰਘ ਬੱਲੀ, ਸੂਬਾ ਜਨਰਲ ਸਕੱਤਰ ਸੁਰਿੰਦਰ ਕੰਬੋਜ , ਵਿੱਤ ਸਕੱਤਰ ਸੋਮ ਸਿੰਘ ਅਤੇ ਪ੍ਰੈਸ ਸਕੱਤਰ ਐਨ ਡੀ ਤਿਵਾੜੀ ਨੇ ਮੰਗ ਕੀਤੀ ਮਿਡ ਡੇ ਮੀਲ ਵਰਕਰਜ਼ ਦੇ ਤਨਖਾਹ ਖਾਤੇ ਕੈਨਰਾ ਬੈਂਕ ਵਿੱਚ ਖੁਲਵਾਉਣ ਲਈ ਸਿੱਖਿਆ ਵਿਭਾਗ ਦੇ ਸਟੇਟ ਦਫਤਰ ਵੱਲੋਂ ਕੈਨਰਾ ਬੈਂਕ ਦੇ ਅਧਿਕਾਰੀਆਂ ਨੂੰ ਲਿਖਿਆ ਜਾਵੇ ਕਿ ਉਹ ਸਕੂਲ ਪੱਧਰ ਤੇ ਜਾਂ ਸੈਂਟਰ ਸਕੂਲ ਪੱਧਰ ਤੇ ਆਪਣੇ ਕਰਮਚਾਰੀ ਭੇਜ ਕੇ ਕੁੱਕ-ਕਮ-ਹੈਲਪਰਾਂ ਖਾਤੇ ਖੋਲਣ ਆਗੂਆਂ ਨੇ ਕਿਹਾ ਕਿ ਸਿੱਖਿਆ ਵਿਭਾਗ ਨੇ ਕੈਨਰਾ ਬੈਂਕ ਨਾਲ ਹੋਏ ਇਕਰਾਰ ਅਨੁਸਾਰ ਸਾਰੇ ਪੰਜਾਬ ਦੇ ਸਕੂਲਾਂ ਅੰਦਰ ਕੰਮ ਕਰਦੇ ਮਿਡ ਡੇ ਮੀਲਾਂ ਵਰਕਰਜ਼ ਦੇ ਖਾਤੇ ਕੈਨਰਾ ਬੈਂਕ ਵਿੱਚ ਖੁਲਵਾਉਣ ਦੀ ਹਦਾਇਤ ਕੀਤੀ ਗਈ ਹੈ। ਕੈਨਰਾ ਬੈਂਕ ਦੀਆਂ ਬਰਾਂਚਾਂ ਸਕੂਲਾਂ ਤੋਂ ਬਹੁਤ ਦੂਰ ਹਨ, ਅਤੇ ਬੈਂਕ ਕਰਮਚਾਰੀ ਸਕੂਲਾਂ ਵਿੱਚ ਆ ਕੇ ਖਾਤੇ ਨਹੀਂ ਖੋਲ ਰਹੇ ਜਿਸ ਕਾਰਨ ਕੁੱਕ ਕਮ ਹੈਲਪਰ ਲਗਾਤਾਰ ਕੈਨਰਾ ਬੈਂਕਾਂ ਦੇ ਚੱਕਰ ਲਗਾ ਲਗਾ ਕੇ ਪਰੇਸ਼ਾਨ ਹੋ ਰਹੇ ਹਨ। ਕਿਉਂਕਿ ਮਿਡ ਡੇ ਮੀਲ ਵਰਕਰਜ਼ ਸਕੂਲਾਂ ਵਿਚ ਮਿਡ ਡੇ ਮੀਲ ਦਾ ਕੰਮ ਖਤਮ ਕਰਕੇ ਬੈਂਕ ਖਾਤਾ ਖੁਲਵਾਉਣ ਜਾਂਦੇ ਹਨ ਅਤੇ ਉਸ ਸਮੇਂ ਕੈਨਰਾ ਬੈਂਕਾਂ ਵਿੱਚ ਖਾਤੇ ਖਲਵਾਉਣ ਸਬੰਧੀ ਭਾਰੀ ਗਿਣਤੀ ਵਿੱਚ ਕੁੱਕ ਕਮ ਹੈਲਪਰ ਅਤੇ ਹੋਰ ਲੋਕ ਆ ਜਾਂਦੇ ਹਨ ਅਤੇ ਬੈਂਕ ਵਾਲੇ ਕਰਮਚਾਰੀ ਕਹਿੰਦੇ ਹਨ ਕਿ ਅੱਜ ਇੰਨੇ ਸਾਰੇ ਖਾਤੇ ਨਹੀਂ ਖੁੱਲ ਸਕਦੇ ਤੁਸੀਂ ਦੁਬਾਰਾ ਕੱਲ ਨੂੰ ਆਇਓ। ਕੈਨਰਾ ਬੈਂਕ ਦੀਆਂ ਬਰਾਂਚਾ ਹਰੇਕ ਪਿੰਡਾਂ ਵਿਚ ਨਹੀਂ ਹਨ ਜਿਸ ਕਾਰਨ ਵਰਕਰਜ਼ ਨੂੰ 10-15 ਕਿਲੋਮੀਟਰ ਦੂਰ ਖਾਤਾ ਖੁਲ੍ਹਾਉਣ ਲਈ ਬਾਰ ਬਾਰ ਜਾਣਾ ਪੈ ਰਿਹਾ ਹੈ, ਜਿਸ ਕਾਰਨ ਕੁੱਕ ਕਮ ਹੈਲਪਰਾਂ ਨੂੰ ਖਾਤੇ ਖੁਲਵਾਉਣ ਵਿਚ ਪ੍ਰੇਸ਼ਾਨੀ ਹੋ ਰਹੀ ਹੈ। ਗੌਰਮਿੰਟ ਟੀਚਰਜ਼ ਯੂਨੀਅਨ ਪੰਜਾਬ (ਵਿਗਿਆਨਿਕ) ਮੰਗ ਕਰਦੀ ਹੈ ਕਿ ਸਿੱਖਿਆ ਵਿਭਾਗ ਹੋਏ ਖਾਤੇ ਖਲਵਾਉਣ ਸਬੰਧੀ ਹੋਏ ਇਕਰਾਰਨਾਮੇ ਨੂੰ ਲਾਗੂ ਕਰਵਾਉਣ ਲਈ ਕੈਨਰਾ ਬੈਂਕ ਦੇ ਅਧਿਕਾਰੀਆਂ ਨੂੰ ਤਾਕੀਦ ਕਰੇ ਕਿ ਮਿਡ ਡੇ ਮੀਲ ਵਰਕਰਜ਼ ਦੇ ਖਾਤੇ ਬੈਂਕ ਕਰਮਚਾਰੀਆਂ ਵੱਲੋਂ ਉਹਨਾਂ ਦੇ ਸਕੂਲਾਂ ਨਾਲ ਸੰਪਰਕ ਕਰਕੇ ਇੱਕ ਦਿਨ ਸੈਂਟਰ ਪੱਧਰ ਉੱਪਰ ਸਮੂਹ ਵਰਕਰਜ਼ ਨੂੰ ਬੁਲਾ ਕੇ ਖੋਲੇ ਜਾਣ ਤਾਂ ਜੋ ਮਿਡ ਡੇ ਮੀਲ ਵਰਕਰਜ਼ ਖਾਤਾ ਖਲਵਾਉਣ ਸਮੇਂ ਹੋ ਰਹੀ ਖੱਜਲ ਖੁਆਰੀ ਤੋਂ ਬਚ ਸਕਣ।

# ਗੁਰਦਾਸਪੁਰ ਦੇ ਪੰਚਾਇਤ ਭਵਨ ਵਿੱਚ ਪੰਜਾਬ ਮਨਿਉਰਟੀ ਵਿੰਗ ਦੀ ਹੋਈ ਜ਼ਿਲਾ ਪੱਧਰੀ ਅਹਿਮ ਬੈਠਕ

## ਮਨਿਊਰਟੀ ਵਿੰਗ ਦੇ ਪੰਜਾਬ ਪ੍ਰਧਾਨ ਜੋਰਜ ਸੋਨੀ ਨੇ ਕਿਹਾ ਕ੍ਰਿਸ਼ਚਨ ਭਾਈਚਾਰੇ ਦੀਆਂ ਮੁਸ਼ਕਲਾਂ ਨੂੰ ਪਹਿਲ ਦੇ ਅਧਾਰ ਤੇ ਕੀਤਾ ਜਾਵੇਗਾ ਹੱਲ

ਗੁਰਦਾਸਪੁਰ ( ਜਸਵਿੰਦਰ ਸਿੰਘ )- ਅੱਜ ਜ਼ਿਲ੍ਹਾ ਗੁਰਦਾਸਪੁਰ ਵਿਖੇ ਮਨਿਉਰਟੀ ਵਿੰਗ ਦੀ ਪਹਿਲੀ ਮੀਟਿੰਗ ਹੋਈ ਜਿਸ ਵਿੱਚ ਮਨਿਉਰਟੀ ਵਿੰਗ ਦੀਆਂ ਮੁਸ਼ਕਲਾਂ ਸੁਣੀਆਂ ਗਈਆਂ ਅਤੇ ਸਾਰੇ ਹੀ ਸਾਥੀਆਂ ਨੂੰ ਪਾਰਟੀ ਦੀਆਂ ਨੀਤੀਆਂ ਬਾਰੇ ਜਾਣੂ ਕਰਵਾਇਆ ਗਿਆ ਤੇ ਆਉਣ ਵਾਲੇ ਸਮੇਂ ਵਿੱਚ ਜੋ ਵੀ ਮੁਸ਼ਕਿਲਾਂ ਆ ਰਹੀਆਂ ਉਹਨਾਂ ਨੂੰ ਜਲਦੀ ਤੋਂ ਜਲਦੀ ਹੱਲ ਕੀਤਾ ਜਾਵੇਗਾ ਆਪ ਮਨਿਊਰਟੀ ਵਿੰਗ ਦੇ ਪੰਜਾਬ ਪ੍ਰਧਾਨ ਜੋਰਜ ਸੋਨੀ,,, ਰਾਜੀਵ ਸ਼ਰਮਾ ਇੰਪਰੂਵਮੈਂਟ ਟਰੱਸਟ ਦੇ ਚੇਅਰਮੈਨ ਅਤੇ ਲੋਕ ਸਭਾ ਹਲਕਾ ਇੰਚਾਰਜ ਨਾਲ ਜ਼ਿਲਾ ਪ੍ਰਧਾਨ ਜੋਬਨ ਰੰਧਾਵਾ ਅਤੇ ਜਿਲਾ ਮੀਡੀਆ ਇੰਚਾਰਜ




ਮੁੱਖਦੇਵ ਆਲੋਵਾਲ ਕ੍ਰਿਸਚਨ ਭਾਈਚਾਰੇ ਨਾਲ ਕੀਤੀ ਵਿਚਾਰ ਚਰਚਾ ਕਿਹਾ ਕ੍ਰਿਸ਼ਚਨ ਭਾਈਚਾਰੇ ਦੀਆਂ ਮੁਸ਼ਕਲਾਂ ਨੂੰ ਪਹਿਲ ਦੇ ਅਧਾਰ ਤੇ ਕੀਤਾ ਜਾਵੇਗਾ ਹੱਲ ਇਸ ਵਾਰ ਜ਼ਿਲਾ ਗੁਰਦਾਸਪੁਰ ਵਿੱਚ ਪੰਜਾਬ ਪੱਧਰੀ ਕ੍ਰਿਸਮਸ ਪ੍ਰੋਗਰਾਮ ਕਰਨ ਦਾ ਚੁੱਕਿਆ ਜ਼ੋਰ ਸ਼ੋਰ ਨਾਲ ਮੁੱਦਾ ਹਰ ਹਲਕੇ ਦੇ ਹਰ ਵਾਰਡ ਦੇ ਆਗੂਆਂ ਨੂੰ 2027 ਦੀਆਂ ਚੋਣਾਂ ਲਈ ਤਿਆਰ ਰਹਿਣ ਲਈ ਕੀਤਾ ਲਾਮਬੰਦ ।

# ਦਸਮੇਸ਼ ਨਗਰ ਨਯਾਗਾਓਂ ਦੇ ਜਨਤਾ ਮਾਡਲ ਸਕੂਲ ਦੇ ਬੱਚਿਆਂ ਨੇ ਤੀਜ ਦਾ ਤਿਓਹਾਰ ਮਨਾਇਆ- ਵਿਜੇ ਸ਼ਰਮਾ

ਜੇ ਕੇ ਬੱਤਾ ਖਰੜ, ਦਸ਼ਮੇਸ਼ ਨਗਰ ਨਯਾਗਾਓਂ ਦੇ ਜਨਤਾ ਮਾਡਲ ਸਕੂਲ ਦੇ ਬੱਚਿਆਂ ਅਤੇ ਅਧਿਆਪਕਾਂ ਨੇ ਤੀਜ ਬਹੁਤ ਧੂਮਧਾਮ ਨਾਲ ਮਨਾਇਆ। ਬੱਚੇ ਹਰੇ ਰੰਗ ਦੇ ਕੱਪੜੇ ਪਾ ਕੇ ਆਏ ਅਤੇ ਰੰਗ-ਬਿਰੰਗੇ ਪ੍ਰੋਗਰਾਮ ਪੇਸ਼ ਕੀਤੇ। ਇਸ ਵਿੱਚ ਬੱਚਿਆਂ ਨੇ ਭੰਗੜਾ ਗਿੱਧਾ ਵੀ ਪੇਸ਼ ਕੀਤਾ ਜਿਸਦੀ ਸਾਰਿਆਂ ਨੇ ਸ਼ਲਾਘਾ ਕੀਤੀ। ਸਕੂਲ ਵੱਲੋਂ ਬੱਚਿਆਂ ਨੂੰ ਮਿਸਟਰ ਤੀਜ ਅਤੇ ਮਿਸ ਤੀਜ ਦਾ ਖਿਤਾਬ ਵੀ ਦਿੱਤਾ ਗਿਆ। ਨਾਲ ਹੀ ਕੁਝ ਬੱਚਿਆਂ ਨੇ ਭਾਸ਼ਣ ਦਿੱਤੇ ਅਤੇ ਰਵਾਇਤੀ ਤਿਓਹਾਰਾਂ ਦੀ ਮਹੱਤਤਾ ਨੂੰ ਸਮਝਾਉਂਦੇ ਹੋਏ ਕਵਿਤਾਵਾਂ ਗਾਈਆਂ। ਸਕੂਲ ਦੇ ਪ੍ਰਬੰਧ ਨਿਰਦੇਸ਼ਕ ਸ੍ਰੀ ਵਿਜੇ ਸ਼ਰਮਾ ਨੇ ਕਿਹਾ ਕਿ ਤੀਜ ਤਿਓਹਾਰ ਹਿੰਦੂ ਔਰਤਾਂ ਦਾ ਤਿਓਹਾਰ ਹੈ। ਇਹ ਹਰ ਸਾਲ ਸਾਵਣ ਮਹੀਨੇ ਦੇ ਸ਼ੁਕਲ ਪੱਖ ਵਿੱਚ ਆਉਂਦਾ ਹੈ। ਤੀਜ ਤਿਓਹਾਰ ਵਾਲੇ ਦਿਨ ਅਣਵਿਆਹੀਆਂ ਕੁੜੀਆਂ ਢੁਕਵਾਂ ਲਾੜਾ ਪ੍ਰਾਪਤ ਕਰਨ ਲਈ ਤੀਜ ਦਾ ਵਰਤ ਰੱਖਦੀਆਂ ਹਨ। ਪੌਰਾਣਿਕ ਕਥਾਵਾਂ ਅਨੁਸਾਰ, ਇਸ ਦਿਨ ਦੇਵੀ ਪਾਰਵਤੀ ਭਗਵਾਨ ਸ਼ਿਵ ਨੂੰ ਮਿਲੀਆਂ ਸਨ। ਇਸ ਦਿਨ ਪੂਜਾ ਕਰਨ ਨਾਲ ਜੋੜੇ ਦੇ



ਰਿਸ਼ਤੇ ਵਿੱਚ ਮਿਠਾਸ ਆਉਂਦੀ ਹੈ। ਦਸਮੇਸ਼ ਨਗਰ ਨਯਾਗਾਓਂ ਦੇ ਜਨਤਾ ਮਾਡਲ ਸਕੂਲ ਦੇ ਬੱਚਿਆਂ ਨੇ ਵੀ ਸਕੂਲ ਵਿੱਚ ਝੂਲਿਆਂ ਦਾ ਆਨੰਦ ਮਾਣਿਆ। ਮਹਿੰਦੀ, ਰੰਗੋਲੀ, ਨਾਚ, ਕਵਿਤਾ ਪਾਠ ਅਤੇ ਭਾਸ਼ਣ ਮੁਕਾਬਲੇ ਕਰਵਾਏ ਗਏ। ਸਕੂਲ ਵਿੱਚ ਬੱਚਿਆਂ ਨੇ ਰੰਗਾਰੰਗ ਪ੍ਰੋਗਰਾਮ ਵੀ ਪੇਸ਼ ਕੀਤੇ ਅਤੇ ਸਾਰੇ ਬੱਚਿਆਂ ਨੇ ਮੁਕਾਬਲਿਆਂ ਵਿੱਚ ਉਤਸ਼ਾਹ ਨਾਲ ਹਿੱਸਾ ਲਿਆ। ਸਕੂਲ ਦੇ ਮੈਨੇਜਿੰਗ ਡਾਇਰੈਕਟਰ ਸ੍ਰੀ ਵਿਜੇ ਸ਼ਰਮਾ ਨੇ ਬੱਚਿਆਂ ਨੂੰ ਉਤਸ਼ਾਹਿਤ ਕੀਤਾ ਅਤੇ ਤੀਜ ਦੀ ਮਹੱਤਤਾ ਬਾਰੇ ਦੱਸਿਆ। ਸਕੂਲ ਸੰਚਾਲਕ ਅਤੇ ਸਕੂਲ ਦੇ ਮੈਨੇਜਿੰਗ ਡਾਇਰੈਕਟਰ ਸ੍ਰੀ ਵਿਜੇ ਸ਼ਰਮਾ ਨੇ ਬੱਚਿਆਂ ਨੂੰ ਦੱਸਿਆ ਕਿ ਅਜਿਹੇ ਤਿਓਹਾਰ ਬੱਚਿਆਂ ਨੂੰ ਪ੍ਰੇਰਿਤ ਕਰਦੇ ਹਨ ਅਤੇ ਉਹ ਭਾਰਤੀ ਸੱਭਿਆਚਾਰ ਤੋਂ ਜਾਣੂ ਹੁੰਦੇ ਹਨ, ਜੋ ਕਿ ਦੁਨੀਆ ਦਾ ਇੱਕ ਮਹਾਨ ਸੱਭਿਆਚਾਰ ਹੈ।

# ਗੋਇਲ ਐਂਡ ਕੰਪਨੀ ਵੱਲੋਂ ਸਾਵਣ ਦੇ ਮਹੀਨੇ ਲਗਾਇਆ ਗਿਆ ਮਾਲ ਪੂੜੇ ਦਾ ਲੰਗਰ

ਦੀਨਾਨਗਰ (ਡਾ.ਰਮੇਸ਼ ਸਰੰਗਲ ) ਦੀਨਾਨਗਰ ਦੇ ਬੱਸ ਸਟੈਂਡ ਨੇੜੇ ਪੈਂਦੇ ਗੋਇਲ ਐਂਡ ਕੰਪਨੀ ਵੱਲੋਂ ਬਾਊ ਦਿਨੇਸ਼ ਅਗਰਵਾਲ ਅਤੇ ਰਾਘਵ ਅਗਰਵਾਲ ਦੀ ਅਗਵਾਈ ਚ ਸਾਵਣ ਮਹੀਨੇ ਦੇ ਸਬੰਧ ਵਿੱਚ ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਮਾਲ ਪੂੜੇ ਦਾ ਲੰਗਰ ਲਗਾਇਆ ਗਿਆ। ਗੋਇਲ ਐਂਡ ਕੰਪਨੀ ਵੱਲੋਂ ਲਗਾਏ ਇਸ ਲੰਗਰ ਦਾ ਹਲਕੇ ਦੇ ਲੋਕਾਂ ਵੱਲੋਂ ਖੂਬ ਆਨੰਦ ਮਾਣਿਆ। ਇਸ ਮੌਕੇ ਤੇ ਨਿਤਿਨ, ਮੋਨੂੰ ਅਤੇ ਰਜੇਸ਼ ਕੁਮਾਰ ਵੀ ਹਾਜਰ ਸਨ।





ਅਦਾਰਾ ਰੋਜ਼ਾਨਾ ਲੋਕ ਬਾਣੀ ਅਖਬਾਰ ਵਿੱਚ ਛਾਪੀਆਂ ਜਾਂਦੀਆ ਖਬਰਾਂ , ਰਿਪੋਰਟਾਂ , ਲੇਕ, ਕਹਾਣੀਆਂ, ਕਵਿਤਾਵਾਂ ਅਤੇ ਹਰ ਕਿਸਮ ਦੇ ਇਸ਼ਤਿਹਾਰ ਵਿੱਚ ਦਿੱਤੀ ਗਈ ਸੂਚਨਾ, ਵਿਚਾਰ ਆਦਿ ਨਾਲ ਅਖ਼ਬਾਰ ਦੇ ਪ੍ਰਬੰਧਕਾਂ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ । ਇਸ ਅਖਬਾਰ ਵਿੱਚ ਛਪੇ ਇਸ਼ਤਿਹਾਰ ( ਡਿਸਪਲੇ, ਕਲਾਸੀਫਾਈਡ) ਦੇ ਤੱਥਾਂ ਲਈ ਪ੍ਰਬੰਧਕ ਕੋਈ ਜ਼ਿੰਮੇਵਾਰੀ ਨਹੀਂ ਲੈਂਦੇ ਕਿਉਂਕਿ ਅਖਬਾਰ ਇੰਨਾ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ/ਸ਼ੁਭ ਚਿੰਤਕਾ ਨੂੰ ਬੇਨਤੀ ਹੈ ਕਿ ਉਹ ਇੰਨ੍ਹਾਂ ਇਸ਼ਤਿਹਾਰਾਂ 'ਤੇ ਕੋਈ ਕਾਰਵਾਈ ਕਰਨ ਤੋਂ ਪਹਿਲਾਂ ਇੰਨ੍ਹਾਂ ਤੱਥਾਂ ਦੀ ਪੜਤਾਲ , ਪੁਸ਼ਟੀ ਕਰ ਲੈਣ।ਰੋਜ਼ਾਨਾ ਲੋਕ ਬਾਣੀ 'ਚ ਪ੍ਰਕਾਸ਼ਿਤ ਸੱਮਗਰੀ ਅਤੇ ਹੋਰ ਵਾਦ-ਵਿਵਾਦ ਸਬੰਧੀ ਕੇਸਾਂ ਦਾ ਨਿਪਟਾਰਾ ਸਿਰਫ ਜਲੰਧਰ ਕੋਰਟ ਵਿਚ ਹੀ ਹੋਵੇਗਾ, ਲੇਖਕਾਂ ਦੀ ਰਾਏ ਨਾਲ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ । ਖਬਰਾਂ ਪ੍ਰਤੀ ਜ਼ਿੰਮੇਵਾਰੀ ਪੱਤਰਕਾਰ ਦੀ ਹੋਵੇਗੀ।

*Daily Lok Bani(Punjabi) R.N.I. Punpun/29016/2008 Editor, owner, Printer , Publisher, Amandeep Mehra , Printed at Rachna Printers , Railway Road Jalandhar Place of, Publication :308 Sangam Complex milap Chowk , Jalandhar (India), Contact No.: 0181-2211009, Fax : 2211009, Email id : lokbani08@gmail.com, Editormehra@gmail.com*

# ਮਸ਼ਹੂਰ ਮਾਡਲ ਅਤੇ ਸਮਾਜ ਸੇਵਿਕਾ ਸ਼ਾਲੂ ਗੁਪਤਾ ਨੇ ਸਨ ਸਿਟੀ ਪਰਿਕਰਮਾ ਵਿੱਚ ਤੀਜ ਤਿਉਹਾਰ ਬੜੇ ਧੂਮਧਾਮ ਅਤੇ ਉਤਸ਼ਾਹ ਨਾਲ ਮਨਾਇਆ

ਜੇ ਕੇ ਬੱਤਾ ਖਰੜ, ਮਸ਼ਹੂਰ ਮਾਡਲ ਅਤੇ ਸਮਾਜ ਸੇਵਿਕਾ ਸ਼ਾਲੂ ਗੁਪਤਾ ਨੇ ਸਨ ਸਿਟੀ ਪਰਿਕਰਮਾ ਨਿਵਾਸੀਆਂ ਨਾਲ ਤੀਜ ਤਿਉਹਾਰ ਬੜੇ ਧੂਮਧਾਮ ਅਤੇ ਉਤਸ਼ਾਹ ਨਾਲ ਮਨਾਇਆ। ਇਸ ਮੌਕੇ 'ਤੇ ਪ੍ਰਣਾਮ ਇੰਡੀਆ ਫਾਊਂਡੇਸ਼ਨ ਦੀ ਸੰਸਥਾਪਕ ਸ਼ਾਲੂ ਗੁਪਤਾ ਨੇ ਆਪਣੇ ਦੋਸਤਾਂ ਨਾਲ ਰਵਾਇਤੀ ਅੰਦਾਜ਼ ਵਿੱਚ ਤੀਜ ਤਿਉਹਾਰ ਮਨਾਇਆ। ਪ੍ਰੋਗਰਾਮ ਵਿੱਚ, ਉਸਨੇ ਨੱਚਿਆ, ਰੈਂਪ ਵਾਕ ਕੀਤਾ, ਬੋਲੀਆਂ ਗਾਈਆਂ ਅਤੇ ਢੋਲ ਦੀਆਂ ਤਾਲਾਂ 'ਤੇ ਝੂਮਿਆ। ਇਹ ਰੰਗਾਰੰਗ ਪ੍ਰੋਗਰਾਮ ਪਰਿਕਰਮਾ ਰੈਜ਼ੀਡੈਂਟ ਵੈਲਫੇਅਰ ਦੁਆਰਾ ਆਯੋਜਿਤ ਕੀਤਾ ਗਿਆ ਸੀ, ਜਿਸ ਵਿੱਚ ਸੁਸਾਇਟੀ ਦੇ ਸਾਰੇ ਨਿਵਾਸੀਆਂ ਨੇ ਉਤਸ਼ਾਹ ਨਾਲ ਹਿੱਸਾ ਲਿਆ ਅਤੇ ਪ੍ਰੋਗਰਾਮ ਦਾ ਭਰਪੂਰ ਆਨੰਦ ਮਾਣਿਆ। ਪ੍ਰੋਗਰਾਮ ਵਿੱਚ ਮੁੱਖ ਮਹਿਮਾਨ ਵਜੋਂ ਪਹੁੰਚੇ ਪ੍ਰਧਾਨ ਅਤੁਲ ਗਰਗ ਜੀ ਨੇ ਸਾਰਿਆਂ ਨੂੰ ਤੀਜ ਦੀਆਂ ਸ਼ੁਭਕਾਮਨਾਵਾਂ ਦਿੱਤੀਆਂ। ਇਸ ਦੇ ਨਾਲ ਹੀ ਸ਼ਾਲੂ ਗੁਪਤਾ ਨੇ ਤੀਜ ਦੇ ਪਵਿੱਤਰ ਤਿਉਹਾਰ 'ਤੇ ਸਾਰਿਆਂ ਨੂੰ ਸਕਾਰਾਤਮਕ ਸੰਦੇਸ਼ ਵੀ ਦਿੱਤਾ ਅਤੇ ਔਰਤਾਂ ਨੂੰ ਹਰ ਤਿਉਹਾਰ ਖੁਸ਼ੀ ਨਾਲ ਮਨਾਉਣ ਲਈ ਪ੍ਰੇਰਿਤ ਕੀਤਾ।



# ਗੁਰਦੁਆਰਾ ਸਾਹਿਬ ਦੇ ਗ੍ਰੰਥੀ ਸਿੰਘ ਨਮਿਤ ਢਕੋਰਾਂ ਕਲਾਂ ਵਿਖੇ ਕਰਵਾਇਆ ਗਿਆ ਸਮਾਗਮ

## ਪੱਚੀ ਸਾਲਾਂ ਤੋਂ ਨਿਭਾ ਰਹੇ ਸਨ ਗਿਆਨੀ ਪ੍ਰਸ਼ੋਤਮ ਸਿੰਘ ਸਾਗੀ ਗੁਰੂ ਦੇ ਵਜ਼ੀਰ ਵਜੋਂ ਡਿਊਟੀ - ਪਿੰਡ ਢਕੋਰਾ ਵਾਸੀ

ਜੇ ਕੇ ਬੱਤਾ ਖਰੜ, ਜ਼ਿਲ੍ਹਾ ਮੋਹਾਲੀ ਦੇ ਪਿੰਡ ਢਕੋਰਾ ਕਲਾਂ ਨਿਊ ਚੰਡੀਗੜ੍ਹ ਵਿਖੇ ਸਥਿਤ ਖਾਲਸਾ ਪ੍ਰਗਟਿਓ ਗੁਰਦੁਆਰਾ ਸਾਹਿਬ ਵਿਖੇ ਏਥੇ ਪੱਚੀ ਸਾਲ ਗੁਰੂ ਦੇ ਵਜ਼ੀਰ ਵਜੋਂ ਡਿਊਟੀ ਨਿਭਾਉਣ ਵਾਲੇ ਸਵ ਗਿਆਨੀ ਪ੍ਰਸ਼ੋਤਮ ਸਿੰਘ ਸਾਗੀ ਨਮਿਤ ਸ੍ਰੀ ਸੁਖਮਨੀ ਸਾਹਿਬ ਅਤੇ ਸ਼ਰਧਾਂਜਲੀ ਸਮਾਗਮ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਦੋਵੇਂ ਪਿੰਡਾਂ ਦੀਆਂ ਸਮੂਹ ਗ੍ਰਾਮ ਪੰਚਾਇਤਾਂ ਅਤੇ ਸੰਗਤਾਂ ਵੱਲੋਂ ਬੜੀ ਸ਼ਰਧਾ ਭਾਵਨਾ ਨਾਲ ਕਰਵਾਇਆ ਗਿਆ। ਜਿਸ ਵਿੱਚ ਇਲਾਕੇ ਦੀਆਂ ਸੰਗਤਾਂ ਤੋਂ ਇਲਾਵਾ ਵੱਖ ਵੱਖ ਰਾਜਨੀਤਿਕ ਪਾਰਟੀਆਂ ਦੇ ਆਗੂਆਂ, ਧਾਰਮਿਕ ਸਖਸ਼ੀਅਤਾਂ, ਕਿਸਾਨ ਆਗੂਆਂ, ਸਮਾਜ ਸੇਵੀ ਵੀਰਾਂ ਅਤੇ ਪੱਤਰਕਾਰ ਭਾਈਚਾਰੇ ਦੇ ਲੋਕਾਂ ਵੱਲੋਂ ਵੀ ਸ਼ਿਰਕਤ ਕੀਤੀ ਗਈ। ਮੌਸਮ ਖ਼ਰਾਬ ਹੋਣ ਕਾਰਨ ਬਹੁਤ ਸਾਰੇ ਸਾਕ ਸਬੰਧੀ ਅਤੇ ਜਾਣਕਾਰ ਇਸ ਸਮਾਗਮ ਵਿੱਚ ਸ਼ਾਮਲ ਨਹੀਂ ਹੋ ਸਕੇ।ਇਸ ਮੌਕੇ ਸਵੇਰੇ ਸ੍ਰੀ ਸੁਖਮਨੀ ਸਾਹਿਬ ਜੀ ਦੇ ਭੋਗ ਉਪਰੰਤ ਗੁਰਦੁਆਰਾ ਗੜ੍ਹੀ ਭੌਰਖਾ ਸਾਹਿਬ ਤੋਂ ਪੁੱਜੇ ਕੀਰਤਨੀ ਜਥੇ ਨੇ ਸੰਗਤਾਂ ਨੂੰ ਵਿਰਾਗ ਮਈ ਕੀਰਤਨ ਰਾਹੀਂ ਜੀਵਨ ਅਤੇ ਮਰਨ ਦੇ ਫਲਸਫੇ ਸਬੰਧੀ ਗੁਰਬਾਣੀ ਅਨੁਸਾਰ ਸਮਝਾਇਆ।



# ਸੂਬੇ ਵਿੱਚੋਂ ਨਸ਼ਿਆਂ ਦੇ ਖ਼ਾਤਮੇ ਲਈ ਸਰਕਾਰ ਵੱਲੋਂ ਕੀਤੇ ਜਾ ਰਹੇ ਉਪਰਾਲਿਆਂ ਵਿੱਚ ਵੱਧ ਤੋਂ ਵੱਧ ਸਹਿਯੋਗ ਦਿੱਤਾ ਜਾਵੇ - ਰਮਨ ਬਹਿਲ

## ਵਿਧਾਨ ਸਭਾ ਹਲਕਾ ਗੁਰਦਾਸਪੁਰ ਦੇ ਨਵਾਂ ਪਿੰਡ ਹੁੰਦਲ ਵਿਖੇ ਨਸ਼ਾ ਮੁਕਤੀ ਯਾਤਰਾ ਤਹਿਤ ਹੋਈਆਂ ਜਾਗਰੂਕਤਾ ਸਭਾਵਾਂ - ਸਰਪੰਚ ਸਰਬਜੀਤ ਸਿੰਘ

ਗੁਰਦਾਸਪੁਰ, ( ਜਸਵਿੰਦਰ ਸਿੰਘ ) – ਬੀਤੀ ਸ਼ਾਮ ਵਿਧਾਨ ਸਭਾ ਹਲਕਾ ਗੁਰਦਾਸਪੁਰ ਦੇ ਨਵਾਂ ਪਿੰਡ ਹੁੰਦਲ ਵਿਚ ਯੁੱਧ ਨਸ਼ਿਆਂ ਵਿਰੁੱਧ ਤਹਿਤ ਨਸ਼ਾ ਮੁਕਤੀ ਯਾਤਰਾ ਤਹਿਤ ਜਾਗਰੂਕਤਾ ਸਭਾਵਾਂ ਕੀਤੀਆਂ ਗਈਆਂ ਜਿਨ੍ਹਾਂ ਦੀ ਅਗਵਾਈ ਪੰਜਾਬ ਹੈਲਥ ਸਿਸਟਮਜ਼ ਕਾਰਪੋਰੇਸ਼ਨ ਦੇ ਚੇਅਰਮੈਨ ਸ੍ਰੀ ਰਮਨ ਬਹਿਲ ਵੱਲੋਂ ਕੀਤੀ ਗਈ ਪ੍ਰਭਾਵਸ਼ਾਲੀ ਜਾਗਰੂਕਤਾ ਸਭਾਵਾਂ ਨੂੰ ਸੰਬੋਧਨ ਕਰਦਿਆਂ ਚੇਅਰਮੈਨ ਸ੍ਰੀ ਰਮਨ ਬਹਿਲ ਨੇ ਕਿਹਾ ਕਿ ਨਸ਼ਾ ਮੁਕਤੀ ਅਭਿਆਨ ਨਸ਼ਾ ਮੁਕਤ ਪੰਜਾਬ ਤੇ ਰੰਗਲਾ ਪੰਜਾਬ ਬਣਾਉਣ ਵਿੱਚ ਆਪਣੀ ਮੋਹਰੀ ਭੂਮਿਕਾ ਨਿਭਾਵੇਗਾ। ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਦੇ ਕੌਮੀ ਕਨਵੀਨਰ ਸ੍ਰੀ ਅਰਵਿੰਦ ਕੇਜਰੀਵਾਲ ਤੇ ਮੁੱਖ ਮੰਤਰੀ ਪੰਜਾਬ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਿੱਚ ਪ੍ਰਚੰਡ ਰੂਪ ਚ ਛੇੜੇ ਗਏ ਯੁੱਧ ਨਸ਼ਿਆਂ ਵਿਰੁੱਧ ਅੱਗੇ ਨਸ਼ਾ ਤਸਕਰਾਂ ਨੂੰ ਆਪਣੇ ਗੋਡੇ ਟੇਕਣੇ ਹੀ ਪੈਣਗੇ, ਕਿਉਂਕਿ ਸੂਬਾ ਸਰਕਾਰ ਨੇ ਨਸ਼ਾ ਤਸਕਰਾਂ ਨੂੰ ਕਾਨੂੰਨੀ ਸ਼ਿਕੰਜੇ ਚ ਲਿਆ ਕੇ ਉਨ੍ਹਾਂ ਦੇ ਮਹਾਂਵਿਨਾਸ਼ ਦਾ ਪ੍ਰਣ ਲਿਆ ਹੋਇਆ ਹੈ ਜੇਕਰ ਉਨ੍ਹਾਂ ਦੇ ਪਿੰਡ ਕੋਈ ਗਲਤ ਅਨਸਰ ਨਸ਼ਾ ਵੇਚਣ ਦੀ ਕੋਸ਼ਿਸ਼ ਕਰਦਾ ਹੈ ਤਾਂ ਉਸ ਦੀ ਸੂਚਨਾ ਪੁਲਿਸ ਨੂੰ ਦਿੱਤੀ ਜਾਵੇ।



# ਹੈਪਾਟਾਈਟਸ ਦੀ ਜਲਦ ਪਛਾਣ, ਇਸਦੇ ਇਲਾਜ ਵਿੱਚ ਮਦਦਗਾਰ ਸਾਬਤ ਹੁੰਦੀ ਹੈ- ਡਾ ਕਿਰਨਦੀਪ ਕੌਰ

ਅੰਮ੍ਰਿਤਸਰ, (ਲੋਕ ਬਾਣੀ)- ਪੰਜਾਬ ਸਰਕਾਰ ਦੇ ਹੁਕਮਾਂ ਅਨੁਸਾਰ ਸਿਵਲ ਸਰਜਨ ਡਾ.ਕਿਰਨਦੀਪ ਕੌਰ ਵੱਲੋਂ ਦਫਤਰ ਸਿਵਲ ਸਰਜਨ ਅੰਮ੍ਰਿਤਸਰ ਵਿਖੇ ਤੋਂ ਜਾਗਰੂਕਤਾ ਪੋਸਟਰ ਰਿਲੀਜ਼ ਕਰਕੇ ਵਿਸ਼ਵ ਹੈਪਾਟਾਈਟਸ ਦਿਵਸ ਮੌਕੇ ਆਮ ਜਨਤਾ ਨੂੰ ਜਾਗਰੂਕਤਾ ਦਾ ਸੁਨੇਹਾ ਦਿੱਤਾ ਗਿਆ। ਜਿਸ ਦੌਰਾਨ ਉਨਾਂ ਨੇ ਆਖਿਆ ਕਿ ਹੈਪਾਟਾਈਟਸ ਇਲਾਜ ਯੋਗ ਹੈ ਅਤੇ ਜੇਕਰ ਇਸਦਾ ਜਲਦੀ ਪਤਾ ਲੱਗ ਜਾਵੇ ਤਾਂ ਇਸਦਾ ਇਲਾਜ ਆਸਾਨੀ ਨਾਲ ਸੰਭਵ ਹੋ ਸਕਦਾ ਹੈ। ਉਹਨਾਂ ਕਿਹਾ ਕਿ ਹੈਪਾਟਾਈਟਸ ਦੀਆਂ ਪੰਜ ਕਿਸਮਾਂ ਹਨ, ਜਿਨਾਂ ਦਾ ਦਵਾਈਆਂ ਰਾਹੀਂ ਇਲਾਜ ਕੀਤਾ ਜਾ ਸਕਦਾ ਹੈ ਅਤੇ ਇਸਦੀ ਜਲਦ ਪਹਿਚਾਣ ਹੀ ਇਸਦੇ ਇਲਾਜ ਵਿੱਚ ਮਦਦਗਾਰ ਸਾਬਤ ਹੁੰਦੀ ਹੈ। ਉਹਨਾਂ ਆਮ ਲੋਕਾਂ ਨੂੰ ਅਪੀਲ ਕੀਤੀ ਕਿ ਹੈਪਾਟਾਈਟਸ ਤੋਂ ਬਚਣ ਲਈ ਟੀਕੇ ਦੀਆਂ ਸੂਈਆਂ ਦੀ ਸਾਂਝੀ ਵਰਤੋਂ ਨਾ ਕੀਤੀ ਜਾਵੇ, ਬਲੇਡ ਤੇ ਰੇਜ਼ਰ ਦਾ ਸਾਂਝਾ ਇਸਤੇਮਾਲ ਨਾ ਕੀਤਾ ਜਾਵੇ, ਸਰੀਰ ਤੇ ਟੈਟੂ ਬਣਾਉਣ ਤੋਂ ਗੁਰੇਜ ਕੀਤਾ ਜਾਵੇ,ਟੂਥ ਬੁਰਸ਼ ਸਾਂਝੇ ਨਾ ਕੀਤੇ ਜਾਣ, ਸੁਰੱਖਿਅਤ ਸੰਭੋਗ ਲਈ ਕੋਂਡਮ ਦੀ ਵਰਤੋਂ ਕੀਤੀ ਜਾਵੇ, ਤਾਂ ਜੋ ਇਨਸਾਨੀ ਜ਼ਿੰਦਗੀਆਂ ਨੂੰ ਇਹਨਾਂ ਖਤਰਨਾਕ ਬਿਮਾਰੀਆਂ ਤੋਂ ਰੱਖੀਆ ਜਾ ਸਕੇ। ਇਸ ਮੌਕੇ ਤੇ ਜਿਲਾ ਐਪੀਡਮੋਨਲਜਿਸਟ(ਆਈਡੀਐਸਪੀ) ਡਾ. ਨਵਦੀਪ ਕੌਰ ਨੇ ਦੱਸਿਆ ਵਿਸ਼ਵ ਹੈਪਾਟਾਈਟਸ ਦਿਵਸ ਪੂਰੇ ਜਿਲ੍ਹੇ ਭਰ ਵਿੱਚ ਮਨਾਇਆ ਜਾ ਰਿਹਾ ਹੈ ਅਤੇ ਜਿਲੇ ਭਰ ਵਿੱਚ ਪੋਸਟਰਾਂ, ਬੈਨਰਾਂ ਅਤੇ ਪੈਂਫਲੇਟ ਰਾਹੀਂ ਆਮ ਜਨਤਾ ਨੂੰ ਇਸ ਬਿਮਾਰੀ ਪ੍ਰਤੀ ਸੁਚੇਤ ਕੀਤਾ ਜਾ ਰਿਹਾ ਹੈ।



# ਸੀਬੀਏ ਇਨਫੋਟੈਕ ਵੱਲੋਂ ਤੀਜ ਦਾ ਤਿਉਹਾਰ ਰੰਗਾ-ਰੰਗ ਤਰੀਕੇ ਨਾਲ ਮਨਾਇਆ ਗਿਆ

## ਸੀਬੀਏ ਇਨਫੋਟੈਕ ਵਿਦਿਆਰਥੀਆਂ ਨੂੰ ਸਿੱਖਿਆ ਦੇ ਨਾਲ ਨਾਲ ਆਪਣੀ ਸਭਿਆਚਾਰਕ ਪਛਾਣ ਨਾਲ ਵੀ ਜੋੜਦਾ ਹੈ -ਇੰਜੀਨੀਅਰ ਸੰਦੀਪ ਕੁਮਾਰ

ਗੁਰਦਾਸਪੁਰ, ( ਜਸਵਿੰਦਰ ਸਿੰਘ ) ਪੰਜਾਬੀ ਸਭਿਆਚਾਰ, ਗੀਤ-ਰਿਵਾਜਾਂ ਅਤੇ ਵਿਰਸੇ ਦੀ ਸੰਭਾਲ ਕਰਦਿਆਂ, CBA INFOTECH ਗੁਰਦਾਸਪੁਰ ਵੱਲੋਂ ਤੀਜ ਮੇਲਾ 2025 ਦੀ ਸ਼ਾਨਦਾਰ ਰੂਪ ਵਿੱਚ ਮਨਾਇਆ ਗਿਆ। ਇਹ ਸਮਾਰੋਹ ਔਰਤਾਂ ਦੀ ਰਚਨਾਤਮਕਤਾ, ਨਿੱਘੀ ਕਲਾ ਅਤੇ ਰੰਗੀਨ ਸੱਭਿਆਚਾਰ ਨੂੰ ਸਮਰਪਿਤ ਸੀ

ਸਮਾਗਮ ਦੇ ਮੁੱਖ ਮਹਿਮਾਨ ਸਬ ਇੰਸਪੈਕਟਰ ਅਮਨਦੀਪ ਕੌਰ, ਜ਼ਿਲਾ ਇੰਚਾਰਜ ਸਾਂਝ ਕੇਂਦਰ ਗੁਰਦਾਸਪੁਰ ਨੇ ਤਿਉਹਾਰ ਦੀ ਸ਼ੁਰੂਆਤ ਕੀਤੀ। ਉਹਨਾਂ ਨੇ ਨਾਰੀ ਸ਼ਕਤੀ ਅਤੇ ਸੰਸਕਾਰਾਂ ਦੀ ਅਹਿਮੀਅਤ 'ਤੇ ਵਿਸ਼ੇਸ਼ ਰੌਸ਼ਨੀ ਪਾਈ ਇਸ ਮੌਕੇ ਤੇ ਹੋਰ ਮਹਾਨ ਸ਼ਖਸੀਅਤਾਂ: ਮੈਡਮ ਕੁਲਜਿੰਦਰ ਕੌਰ, ਪ੍ਰਿੰਸੀਪਲ ਸੇਂਟ ਸੋਲਜਰ ਡਿਵਾਈਨ ਪਬਲਿਕ ਸਕੂਲ CDPO ਮੈਡਮ ਸ਼੍ਰੀ ਨੀਰਜ ਮਹਾਜਨ, ਚੇਅਰਮੈਨ NGO ÷ਨਵਾਂ ਯੁੱਗ ਨਵੀਂ ਸੋਚ÷ਡਾ. ਗੁਰਪਰੀਤ ਕੌਰ, ਜ਼ਿਲਾ ਐਪੀਡਿਮੀਓਲੋਜਿਸਟ ਮੈਡਮ ਚੰਚਲ ਰਾਣੀ, ਹੈੱਡ CBA INFOTECH ਮੈਡਮ ਸਿਮਰਨ, ਚੇਅਰਪਰਸਨ CBA INFOTECH ਪ੍ਰੋਗਰਾਮ ਦੇ ਮਾਣਯੋਗ ਜੱਜਜ਼:ਮਿਸ ਕਰਨਦੀਪ ਕੌਰ (Miss PTC 2022 – Top E Finalist) ਮਿਸ ਪਲਵੀ ਪੂਰੀ (Palvi Dance Studio) ਮਿਸਟਰ ਸਮਾਈਲ (Smile Bhangra Studio) ਤੀਜ ਮੇਲੇ ਵਿੱਚ ਵਿਦਿਆਰਥਣਾਂ ਵੱਲੋਂ ਰੰਗੀਨ ਗਿੱਧਾ, ਰੈਂਪ ਵਾਕ, ਲੋਕ ਗੀਤ ਅਤੇ ਹੋਰ ਕਲਾ ਰੂਪ ਪੇਸ਼ ਕੀਤੇ ਗਏ।



# ਹੋਮੀ ਭਾਭਾ ਕੈਂਸਰ ਹਸਪਤਾਲ ਨਿਊ ਚੰਡੀਗੜ੍ਹ ਨੇ ਸਾਰਕੋਮਾ ਜਾਗਰੂਕਤਾ ਮੀਟਿੰਗ ਅਤੇ ਅਨੱਸਥੀਸੀਆ ਵਰਕਸ਼ਾਪ ਦਾ ਸਫਲਤਾਪੂਰਵਕ ਆਯੋਜਨ ਕੀਤਾ - ਡਾ. ਆਸ਼ੀਸ਼ ਗੁਲੀਆ

ਜੇ ਕੇ ਬੱਤਾ ਖਰੜ, ਸੰਸਥਾ ਦੇ ਡਾਇਰੈਕਟਰ ਡਾ. ਆਸ਼ੀਸ਼ ਗੁਲੀਆ ਨੇ ਕਿਹਾ ਕਿ ਜੁਲਾਈ ਨੂੰ ਪੂਰੀ ਦੁਨੀਆ ਵਿੱਚ 'ਸਾਰਕੋਮਾ ਜਾਗਰੂਕਤਾ ਮਹੀਨੇ' ਵਜੋਂ ਮਨਾਇਆ ਜਾਂਦਾ ਹੈ ਅਤੇ ਇਸ ਸਬੰਧ ਵਿੱਚ, ਹੋਮੀ ਭਾਭਾ ਕੈਂਸਰ ਹਸਪਤਾਲ ਅਤੇ ਖੋਜ ਕੇਂਦਰ, ਪੰਜਾਬ ਨੇ ਆਪਣੇ ਨਿਊ ਚੰਡੀਗੜ੍ਹ ਕੈਂਪਸ ਦੇ ਅਹਾਤੇ ਵਿੱਚ ਡਾਕਟਰਾਂ ਅਤੇ ਸਾਰਕੋਮਾ ਮਰੀਜ਼ਾਂ ਨਾਲ ਇੱਕ ਵਿਚਾਰ-ਵਟਾਂਦਰਾ ਕੀਤਾ। ਜੁਲਾਈ ਨੂੰ ਪੂਰੀ ਦੁਨੀਆ ਵਿੱਚ 'ਸਾਰਕੋਮਾ ਜਾਗਰੂਕਤਾ ਮਹੀਨੇ' ਵਜੋਂ ਮਨਾਇਆ ਜਾਂਦਾ ਹੈ ਅਤੇ ਇਸ ਸਬੰਧ ਵਿੱਚ, ਹੋਮੀ ਭਾਭਾ ਕੈਂਸਰ ਹਸਪਤਾਲ ਅਤੇ ਖੋਜ ਕੇਂਦਰ, ਪੰਜਾਬ ਨੇ ਆਪਣੇ ਨਿਊ ਚੰਡੀਗੜ੍ਹ ਕੈਂਪਸ ਦੇ ਅਹਾਤੇ ਵਿੱਚ ਡਾਕਟਰਾਂ ਅਤੇ ਸਾਰਕੋਮਾ ਮਰੀਜ਼ਾਂ ਨਾਲ ਇੱਕ ਵਿਚਾਰ-ਵਟਾਂਦਰਾ ਕੀਤਾ। ਇਸ ਵਿਚਾਰ-ਵਟਾਂਦਰੇ ਵਿੱਚ ਹਸਪਤਾਲ ਦੇ ਸੀਨੀਅਰ ਡਾਕਟਰਾਂ ਦੇ ਨਾਲ-ਨਾਲ ਵੱਡੀ ਗਿਣਤੀ ਵਿੱਚ ਸਾਰਕੋਮਾ ਮਰੀਜ਼ਾਂ ਅਤੇ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਨੇ ਹਿੱਸਾ ਲਿਆ। ਮਰੀਜ਼ਾਂ ਨੂੰ ਇਸ ਚਰਚਾ ਦਾ ਉਦੇਸ਼ ਦੱਸਦੇ ਹੋਏ, ਸੰਸਥਾ ਦੇ ਡਾਇਰੈਕਟਰ ਡਾ. ਆਸ਼ੀਸ਼ ਗੁਲੀਆ ਨੇ ਕਿਹਾ ਕਿ ਅਸੀਂ ਜੁਲਾਈ ਦੇ ਮਹੀਨੇ ਵਿੱਚ ਇਹ ਮੀਟਿੰਗ ਆਯੋਜਿਤ ਕਰ ਰਹੇ ਹਾਂ। ਇਹ ਮਹੀਨਾ ਖਾਸ ਹੈ ਕਿਉਂਕਿ ਜੁਲਾਈ ਦੇ ਮਹੀਨੇ ਵਿੱਚ ਅਸੀਂ ਇਹ ਯਕੀਨੀ ਬਣਾਉਂਦੇ ਹਾਂ ਕਿ ਅਸੀਂ ਆਮ ਲੋਕਾਂ ਨੂੰ ਸਾਰਕੋਮਾ ਬਾਰੇ ਜਾਗਰੂਕ ਕਰ ਸਕੀਏ। ਮਰੀਜ਼ ਅਤੇ ਸਰਕੋਮਾ ਦੇ ਲੱਛਣਾਂ 'ਤੇ ਚਾਨਣਾ ਪਾਉਂਦੇ ਹੋਏ, ਡਾਇਰੈਕਟਰ ਡਾ. ਆਸ਼ੀਸ਼ ਗੁਲੀਆ ਨੇ ਕਿਹਾ, ÷ਇਹ ਇੱਕ ਕੈਂਸਰ ਹੈ ਜੋ ਕਿਸੇ ਦੀਆਂ ਮਾਸਪੇਸ਼ੀਆਂ ਜਾਂ ਹੱਡੀਆਂ ਵਿੱਚ ਹੋ ਸਕਦਾ ਹੈ। ਸਰਕੋਮਾ ਦਾ ਇਲਾਜ ਕੈਂਸਰ ਦੇ ਪੜਾਅ 'ਤੇ ਨਿਰਭਰ ਕਰਦਾ ਹੈ। ਕੋਈ ਵੀ ਗੰਢ, ਭਾਵੇਂ ਉਹ ਮਾਸਪੇਸ਼ੀਆਂ ਵਿੱਚ ਹੋਵੇ ਜਾਂ ਹੱਡੀ ਵਿੱਚ, ਜੇਕਰ ਇਹ ਲਗਾਤਾਰ ਵਧਣ ਲੱਗ ਪਵੇ, ਤਾਂ ਇਹ ਟਿਊਮਰ ਬਣ ਸਕਦਾ ਹੈ। ਸਰਕੋਮਾ ਆਮ ਤੌਰ 'ਤੇ ਦਰਦ ਨਹੀਂ ਕਰਦਾ, ਪਰ ਜੇਕਰ ਇਹ ਟਿਊਮਰ ਦਰਦ ਦਾ ਕਾਰਨ ਬਣ ਰਿਹਾ ਹੈ, ਤਾਂ ਇਸ ਦੇ ਹੱਡੀ ਨਾਲ ਸਬੰਧਤ ਹੋਣ ਦੀ ਸੰਭਾਵਨਾ ਬਹੁਤ ਜ਼ਿਆਦਾ ਹੁੰਦੀ ਹੈ।



# ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਾਲੋਂ ਇੰਦਰਾ ਗਾਂਧੀ ਨੇ ਦੇਸ਼ ਹਿੱਤਾਂ ਲਈ ਕੀਤੇ ਵਧੀਆ ਉਪਰਾਲੇ- ਰਾਜਕਵਲ ਪ੍ਰਿਤਪਾਲ ਸਿੰਘ ਲੱਕੀ

**ਕਿਹਾ ਭਾਜਪਾ ਨੂੰ ਸੋਸ਼ਲ ਮੀਡੀਆ ਤੇ ਅਫਵਾਹਾਂ ਫੈਲਾਉਣ ਦੀ ਜਗਹਾ ਜਮੀਨੀ ਪੱਧਰ ਤੇ ਲੋਕਾਂ ਦੀਆਂ ਮੁਸ਼ਕਿਲਾਂ ਨੂੰ ਕਰਨਾ ਚਾਹੀਦਾ ਹੱਲ**

ਅੰਮ੍ਰਿਤਸਰ, (ਲੋਕ ਬਾਣੀ)-ਭਾਜਪਾ ਮੀਡੀਆ ਵਿੱਚ ਇਹ ਪ੍ਰਚਾਰ ਕਰ ਰਹੀ ਹੈ ਕਿ ਦੇਸ਼ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਇੰਦਰਾ ਗਾਂਧੀ ਦਾ ਰਿਕਾਰਡ ਤੋੜ ਦਿੱਤਾ ਹੈ। ਇੰਦਰਾ ਗਾਂਧੀ ਸਭ ਤੋਂ ਲੰਬੇ ਸਮੇਂ ਤੱਕ ਪ੍ਰਧਾਨ ਮੰਤਰੀ ਰਹੀ। ਇਸ ਬਾਰੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ, ਰਾਜਕਵਲ ਪ੍ਰਿਤਪਾਲ ਸਿੰਘ ਲੱਕੀ, ਸਾਬਕਾ ਚੇਅਰਮੈਨ, ਯੋਜਨਾ ਕਮੇਟੀ ਅੰਮ੍ਰਿਤਸਰ, ਸਾਬਕਾ ਵਿਰੋਧੀ ਧਿਰ ਨੇਤਾ ਅੰਮ੍ਰਿਤਸਰ ਕਾਰਪੋਰੇਸ਼ਨ, ਅਤੇ ਵਾਰਡ ਨੰਬਰ 14 ਦੇ ਕੌਂਸਲਰ ਨੇ ਕਿਹਾ ਕਿ ਇੰਦਰਾ ਜੀ ਨੇ ਆਪਣੇ ਜੀਵਨ ਕਾਲ ਵਿੱਚ ਕੁੱਲ 5835 ਦਿਨ ਪ੍ਰਧਾਨ ਮੰਤਰੀ ਦਾ ਅਹੁਦਾ ਸੰਭਾਲਿਆ,ਪਰ ਇਹ ਇੱਥੇ ਤੁਲਨਾ ਦਾ ਵਿਸ਼ਾ ਨਹੀਂ ਹੈ ਕਿਉਂਕਿ ਇਹ ਜ਼ਿਆਦਾ ਮਹੱਤਵਪੂਰਨ ਹੈ ਕਿ ਕਿਸ ਨੇਤਾ ਨੇ ਦੇਸ਼ ਦੀ ਤਰੱਕੀ ਲਈ ਨੌਜਵਾਨਾਂ,ਘੱਟ ਗਿਣਤੀਆਂ,ਔਰਤਾਂ ਅਤੇ ਕਿਸਾਨਾਂ ਲਈ ਕੰਮ ਕੀਤਾ ਅਤੇ ਦੇਸ਼ ਦੇ ਲੰਬੇ ਸਮੇਂ ਦੇ ਹਿੱਤਾਂ ਦਾ ਧਿਆਨ ਰੱਖਿਆ। ਪ੍ਰਧਾਨ ਮੰਤਰੀ ਹੁੰਦਿਆਂ, ਇੰਦਰਾ ਗਾਂਧੀ ਨੇ ਪਾਕਿਸਤਾਨ ਨੂੰ ਦੋ ਹਿੱਸਿਆਂ ਵਿੱਚ ਵੰਡ ਦਿੱਤਾ ਅਤੇ ਬੰਗਲਾਦੇਸ਼ ਬਣਾਇਆ। ਉਸਨੇ 93 ਹਜ਼ਾਰ ਤੋਂ ਵੱਧ ਪਾਕਿਸਤਾਨੀ ਸੈਨਿਕਾਂ ਨੂੰ ਆਤਮ ਸਮਰਪਣ ਕਰਨ ਲਈ ਮਜਬੂਰ ਕੀਤਾ ਅਤੇ ਦੇਸ਼ ਇੱਕ ਮਜ਼ਬੂਤ ਰਾਸ਼ਟਰ ਵਜੋਂ ਉਭਰਿਆ। ਇੰਦਰਾ ਗਾਂਧੀ ਨੇ ਇਹ ਸਭ ਕੁਝ ਅਮਰੀਕਾ ਦੇ ਦਬਾਅ ਦੀ ਪਰਵਾਹ ਕੀਤੇ ਬਿਨਾਂ ਕੀਤਾ। ਜਦੋਂ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਅਮਰੀਕਾ ਦੇ ਦਬਾਅ ਹੇਠ ਪਾਕਿਸਤਾਨ ਨਾਲ ਜੰਗਬੰਦੀ ਦਾ ਐਲਾਨ ਕਰ ਦਿੱਤਾ।



# ਸ਼ਹਿਰ ਦੀ ਸਫਾਈ ਲਈ ਕਾਰਪੋਰੇਸ਼ਨ ਨੇ ਸ਼ੁਰੂ ਕੀਤੀ ਵਿਸ਼ੇਸ਼ ਮੁਹਿੰਮ...

**ਸ਼ਹਿਰ ਨੂੰ ਸਾਫ ਸੁਥਰਾ ਰੱਖਣ ਲਈ ਹਰ ਸ਼ਹਿਰ ਵਾਸੀ ਸਾਥ ਦੇਵੇ - ਡਾਕਟਰ ਨਿੱਜਰ,ਜੀਵਣਜੋਤ ਕੌਰ**

ਅੰਮ੍ਰਿਤਸਰ (ਲੋਕ ਬਾਣੀ)- ਕਮਿਸ਼ਨਰ ਨਗਰ ਨਿਗਮ ਗੁਲਪ੍ਰੀਤ ਸਿੰਘ ਔਲਖ ਵਲੋਂ ਅੰਮ੍ਰਿਤਸਰ ਪੂਰਬੀ ਦੇ ਵਿਧਾਇਕ ਡਾ.ਜੀਵਨਜੋਤ ਕੌਰ , ਦੱਖਣੀ ਦੇ ਵਿਧਾਇਕ ਡਾ.ਇੰਦਰਬੀਰ ਸਿੰਘ ਨਿਝਰ ਅਤੇ ਡੇਰਾ ਬਾਬਾ ਭੂਰੀ ਵਾਲਿਆਂ ਦੇ ਬਾਬਾ ਕਸ਼ਮੀਰਾ ਸਿੰਘ ਜੀ ਦੇ ਨਾਲ ਮਿਲ ਕੇ ਅੰਮ੍ਰਿਤਸਰ ਸ਼ਹਿਰ ਦੇ ਚਹ ?ਹ-ਮੁੱਖੀ ਵਿਕਾਸ ਅਤੇ ਸੁੰਦਰੀਕਰਨ ਦਾ ਅੱਜ ਤੱਕ ਦੀ ਸਭ ਤੋ ਵੱਡੀ ਮੁਹਿੰਮ ਅੱਜ ਜੀ.ਟੀ ਰੋਡ ਅੰਮ੍ਰਿਤਸਰ ਦੇ ਮੁੱਖ ਐਂਟਰੀ ਪੁਆਇੰਟ ਗੋਲਡਨ ਗੇਟ ਤੋਂ ਸ਼ੁਰੂ ਕੀਤੀ ਗਈ । ਇਹ ਮੁਹਿੰਮ ਅਗਲੇ 7 ਦਿਨ ਸ਼ਹਿਰ ਦੇ ਸਾਰੇ ਇਲਾਕਿਆਂ ਵਿਚ ਲਗਾਤਾਰ ਜਾਰੀ ਰਹੇਗੀ ਅਤੇ ਇਸ ਦਾ ਆਖਰੀ ਪੜਾਅ ਸ਼ ?ਰੀ ਦਰਬਾਰ ਸਾਹਿਬ ਤੱਕ ਜਾ ਕੇ ਖਤਮ



ਹੋਵੇਗਾ। ਇਸ ਦਾ ਮੁੱਖ ਮੰਤਵ ਸ਼ਹਿਰ ਵਾਸੀਆਂ ਨੂੰ ਸ਼ਹਿਰ ਦੀ ਸੁੰਦਰਤਾ ਵਧਾਉਣ ਲਈ ਜਾਗਰੂਕ ਕਰਨਾ ਅਤੇ ਵੱਖ-ਵੱਖ ਰਿਹਾਇਸ਼ੀ , ਸਮਾਜ ਸੇਵੀ ਅਤੇ ਹੋਰ ਅਜਿਹੀਆਂ ਸੰਸਥਾਵਾਂ ਨੂੰ ਉਤਸ਼ਾਹਿਤ ਕਰਨਾ ਹੈ ਤਾਂ ਜੋ ਇਹ ਸੰਸਥਾਵਾ ਸ਼ਹਿਰ ਦੇ ਵਿਕਾਸ ਲਈ ਯੋਗਦਾਨ ਪਾ ਸਕਣ । ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਡਾਕਟਰ ਇੰਦਰਬੀਰ ਸਿੰਘ ਨਿਜਰ ਨੇ ਸ਼ਹਿਰ ਵਾਸੀਆਂ ਨੂੰ ਸੱਦਾ ਦਿੱਤਾ ਕਿ ਉਹ ਸ਼ਹਿਰ ਦੇ ਸਫਾਈ ਲਈ ਅੱਗੇ ਆਉਣ। ਉਹਨਾਂ ਕਿਹਾ ਕਿ ਉਹ ਸ਼ਹਿਰ ਜਿੱਥੇ ਰੋਜ਼ਾਨਾ ਲੱਖਾਂ ਦੀ ਗਿਣਤੀ ਵਿੱਚ ਸੰਗਤ ਆਉਂਦੀ ਹੈ, ਨੂੰ ਕੇਵਲ ਕਾਰਪੋਰੇਸ਼ਨ ਸਾਫ ਨਹੀਂ ਕਰ ਸਕਦੀ। ਇਸ ਲਈ ਸਾਡੇ ਸਾਰਿਆਂ ਦਾ ਫਰਜ਼ ਬਣਦਾ ਹੈ ਕਿ ਅਸੀਂ ਸ਼ਹਿਰ ਵਿੱਚ ਕੂੜਾ ਕਰਕਟ ਜਨਤਕ ਥਾਵਾਂ ਉੱਤੇ ਨਾ ਸੁੱਟੀਏ।

# ਮੰਡੀ ਵਿੱਚ ਪਨੀਰ ਵੇਚਣ ਤੇ ਪੂਰਨ ਪਾਬੰਦੀ, ਨੋਟਿਸ ਕੀਤਾ ਜਾਰੀ

**ਚੇਅਰਮੈਨ ਗੁਰਜੀਤ ਸਿੰਘ ਗਿੱਲ ਵੱਲੋਂ ਪਰਚੂਨ ਸਬਜੀ ਮੰਡੀ ਵਿੱਚੋਂ ਨਕਲੀ ਪਨੀਰ ਨਸ਼ਟ ਕਰਵਾਇਆ ਗਿਆ**

ਲੁਧਿਆਣਾ (ਸੁਖਚੈਨ ਮਹਿਰਾ) ਪਰਚੂਨ ਮੰਡੀ ਵਿੱਚ ਨਕਲੀ ਪਨੀਰ ਵੇਚਣ ਵਾਲਿਆਂ ਨੂੰ ਦੋ ਵਾਰ ਚੇਤਾਵਨੀ ਦੇਣ ਤੋਂ ਬਾਅਦ ਵੀ ਦੋ ਤਿੰਨ ਦੁਕਾਨਦਾਰ ਨਕਲੀ ਪਨੀਰ ਦਾ ਗੋਰਖਧੰਦਾ ਕਰਨੋ ਬਾਜ ਨਹੀਂ ਆ ਰਹੇ ਸਨ ਨਕਲੀ ਪਨੀਰ ਵੇਚਣ ਵਾਲਿਆਂ ਚ ਇੱਕ ਪੱਤਰਕਾਰ ਦਾ ਨਾਮ ਵੀ ਆ ਰਿਹਾ ਹੈ ਜੋ ਨਕਲੀ ਪਨੀਰ ਦੇ ਗੋਰਖਧੰਦੇ ਵਿੱਚ ਸ਼ਾਮਿਲ ਹੈ। ਚੇਅਰਮੈਨ ਗੁਰਜੀਤ ਗਿੱਲ ਵੱਲੋਂ ਤੁਰੰਤ ਐਕਸ਼ਨ ਲੈਂਦੇ ਹੋਏ ਮੰਡੀ ਵਿੱਚ ਪਨੀਰ ਵੇਚਣ ਤੇ ਪੱਕੇ ਤੌਰ ਤੇ ਪਾਬੰਦੀ ਲਗਾ ਦਿੱਤੀ ਗਈ ਹੈ ਉਹਨਾਂ ਨੇ ਕਿਹਾ ਕਿ ਇਹ ਨਕਲੀ ਪਨੀਰ ਮਾਫੀਆ ਕਾਫੀ ਲੰਬੇ ਸਮੇਂ ਤੋਂ ਮੰਡੀ ਵਿੱਚ ਸਰਗਰਮ ਸੀ ਜਿਸ ਨੂੰ ਅੱਜ ਖਤਮ ਕਰ ਦਿੱਤਾ ਗਿਆ ਹੈ ਉਹਨਾਂ ਕਿਹਾ ਕਿ ਨਕਲੀ ਪਨੀਰ ਨਾਲ ਲੋਕਾਂ ਦੀ ਜਾਨ ਨਾਲ ਖਿਲਵਾੜ ਕੀਤਾ ਜਾ ਰਿਹਾ ਸੀ ਇਸ ਮੌਕੇ ਚੇਅਰਮੈਨ ਗਿੱਲ ਵੱਲੋ ਸੇਹਤ ਵਿਭਾਗ ਡੀਐਚ ਓ ਅਮਰਜੀਤ ਕੌਰ ਨਾਲ ਵੀ ਫੋਨ ਤੇ ਗੱਲਬਾਤ ਕੀਤੀ ਗਈ ਹੈ ਤੇ ਕਿਹਾ ਗਿਆ ਕਿ ਸਿਹਤ ਵਿਭਾਗ ਦੀ ਟੀਮ ਨੂੰ ਭੇਜ ਕੇ ਨਕਲੀ ਪਨੀਰ ਦੇ ਸੈਂਪਲ ਭਰੇ ਜਾਣ



# ਵਿਦੇਸ਼ੀ ਮੈਡੀਕਲ ਡਿਗਰੀਆਂ : ਭਾਰਤ ਦੇ ਐਨਐਮਸੀ ਨੇ ਲਗਭਗ 9 ਲੱਖ ਰੁਪਏ ਦੀ ਮਾਨਤਾ ਫੀਸ ਪੇਸ਼ ਕੀਤੀ

ਵਿਜੇ ਗਰਗ

ਭਾਰਤ ਦੇ ਸਿਖਰਲੇ ਮੈਡੀਕਲ ਸਿੱਖਿਆ ਰੈਗੂਲੇਟਰ, ਨੈਸ਼ਨਲ ਮੈਡੀਕਲ ਕਮਿਸ਼ਨ ਨੇ ਵਿਦੇਸ਼ੀ ਮੈਡੀਕਲ ਯੋਗਤਾਵਾਂ ਨੂੰ ਮਾਨਤਾ ਦੇਣ ਲਈ ਆਪਣੇ ਨਿਯਮਾਂ ਵਿੱਚ ਇੱਕ ਮਹੱਤਵਪੂਰਨ ਬਦਲਾਅ ਦਾ ਐਲਾਨ ਕੀਤਾ ਹੈ। ਇੱਕ ਮੁੱਖ ਪ੍ਰਸਤਾਵ ਵਿਦੇਸ਼ੀ ਯੂਨੀਵਰਸਿਟੀਆਂ ਜਾਂ ਉਨ੍ਹਾਂ ਦੀਆਂ ਮਾਨਤਾ ਏਜੰਸੀਆਂ ਦੁਆਰਾ ਭਾਰਤ ਵੱਲੋਂ ਕਿਸੇ ਮੈਡੀਕਲ ਕੋਰਸ ਦੀ ਅਧਿਕਾਰਤ ਮਾਨਤਾ ਪ੍ਰਾਪਤ ਕਰਨ ਵਾਲੀ ਹਰੇਕ ਅਰਜ਼ੀ ਲਈ £10,000 (ਲਗਭਗ 8.6 ਲੱਖ ਰੁਪਏ) ਫੀਸ ਦਾ ਭੁਗਤਾਨ ਕਰਨਾ ਹੈ। ਇਹ ਸੋਧ ਰਸਮੀ ਤੌਰ ’ਤੇ 16 ਜੁਲਾਈ, 2025 ਨੂੰ ਇੱਕ ਡਰਾਫਟ ਗਜ਼ਟ ਨੋਟੀਫਿਕੇਸ਼ਨ ਦੇ ਰੂਪ ਵਿੱਚ ਪ੍ਰਕਾਸ਼ਿਤ ਕੀਤੀ ਗਈ ਸੀ।

ਭਾਰਤੀ ਉਮੀਦਵਾਰਾਂ ਨੂੰ ਸਿੱਧੀ ਰਾਹਤ ਦੇਣ ਵਾਲੇ ਇੱਕ ਕਦਮ ਵਿੱਚ, ਐਨਐਮਸੀ ਨੇ ਇੱਕੋ ਸਮੇਂ ਪਹਿਲਾਂ ਲਾਜ਼ਮੀ 2.5 ਲੱਖ ਰੁਪਏ ਦੀ ਅਰਜ਼ੀ ਫੀਸ ਨੂੰ ਖਤਮ ਕਰਨ ਦਾ ਫੈਸਲਾ ਕੀਤਾ ਹੈ ਜੋ ਵਿਅਕਤੀਗਤ ਭਾਰਤੀ ਡਾਕਟਰਾਂ ਨੂੰ ਆਪਣੀਆਂ ਵਿਦੇਸ਼ੀ ਡਾਕਟਰੀ ਯੋਗਤਾਵਾਂ ਦੀ ਮਾਨਤਾ ਲਈ ਅਦਾ ਕਰਨੀ ਪੈਂਦੀ ਸੀ। ÷ ਐਨਐਮਸੀ ਭਾਰਤ ਵਿੱਚ ਉੱਚ ਡਾਕਟਰੀ ਮਿਆਰਾਂ ਨੂੰ ਯਕੀਨੀ ਬਣਾਉਣ ਲਈ ਅਜਿਹਾ ਕਰ ਰਿਹਾ ਹੈ। ਇਹ ਫੀਸ ਮਾਨਤਾ ਪ੍ਰਕਿਰਿਆ ਨੂੰ ਰਸਮੀ ਬਣਾਉਣ ਅਤੇ ਸੁਚਾਰੂ ਬਣਾਉਣ ਵਿੱਚ ਮਦਦ ਕਰਦੀ ਹੈ ਅਤੇ ਇਹ ਯਕੀਨੀ ਬਣਾਉਂਦੀ ਹੈ ਕਿ ਸਿਰਫ਼ ਉੱਚ-ਗੁਣਵੱਤਾ ਵਾਲੀਆਂ ਵਿਦੇਸ਼ੀ ਯੋਗਤਾਵਾਂ ਨੂੰ ਹੀ ਮਾਨਤਾ ਦਿੱਤੀ ਜਾਵੇ। ਇਹ ਪਹੁੰਚ ਭਾਰਤ ਨੂੰ ਅੰਤਰਰਾਸ਼ਟਰੀ ਉਦਾਹਰਣਾਂ ਨਾਲ ਜੋੜਦੀ ਹੈ, ਜਿੱਥੇ



ਅਮਰੀਕਾ, ਕੈਨੇਡਾ ਅਤੇ ਯੂਕੇ ਵਰਗੇ ਦੇਸ਼ਾਂ ਵਿੱਚ ਸਮਾਨ ਮਾਨਤਾ ਫੀਸਾਂ ਆਮ ਹਨ। ਇਹ ਨੀਤੀ ਸਿੱਧੇ ਤੌਰ ’ਤੇ ਅੰਦਾਜ਼ਨ 20,000 ਤੋਂ 25,000 ਭਾਰਤੀ ਵਿਦਿਆਰਥੀਆਂ ’ਤੇ ਪ੍ਰਭਾਵ ਪਾਉਂਦੀ ਹੈ ਜੋ ਹਰ ਸਾਲ ਵਿਦੇਸ਼ਾਂ ਵਿੱਚ ਮੈਡੀਕਲ ਡਿਗਰੀਆਂ ਪ੍ਰਾਪਤ ਕਰਦੇ ਹਨ, ਅਕਸਰ ਭਾਰਤ ਵਿੱਚ ਸੀਮਤ ਐਮਬੀਬੀਐਸ ਸੀਟਾਂ ਲਈ ਤਿੱਖੀ ਮੁਕਾਬਲੇ ਦੇ ਕਾਰਨ ਰੂਸ, ਚੀਨ, ਜਾਰਜੀਆ ਅਤੇ ਕਿਰਗਿਸਤਾਨ ਵਰਗੇ ਸਥਾਨਾਂ ਦੀ ਚੋਣ ਕਰਦੇ ਹਨ। ਜਦੋਂ ਕਿ ਵਿਅਕਤੀਗਤ ਫੀਸ ਨੂੰ ਹਟਾਉਣ ਨਾਲ ਵਾਪਸ ਆਉਣ ਵਾਲੇ ਗ੍ਰੈਜੂਏਟਾਂ ਲਈ ਇੱਕ ਵਿੱਤੀ ਰੁਕਾਵਟ ਘੱਟ ਜਾਂਦੀ ਹੈ, ਵਿਦੇਸ਼ੀ ਸੰਸਥਾਵਾਂ ’ਤੇ £10,000 ਫੀਸ ਲਗਾਉਣ ਨਾਲ ਸੰਭਾਵੀ ਤੌਰ ’ਤੇ ਵਧੇ ਹੋਏ ਟਿਊਸ਼ਨ ਜਾਂ ਪ੍ਰਬੰਧਕੀ ਖਰਚਿਆਂ ਰਾਹੀਂ ਵਿਦਿਆਰਥੀਆਂ ਲਈ ਅਸਿੱਧੇ ਲਾਗਤ ਸਮਾਯੋਜਨ ਹੋ ਸਕਦਾ ਹੈ। ਐਨਐਮਸੀ ਦੀ ਇਹ ਪਹਿਲ ਵਿਦੇਸ਼ੀ ਮੈਡੀਕਲ ਸਿੱਖਿਆ ’ਤੇ ਗੁਣਵੱਤਾ ਨਿਯੰਤਰਣ ਵਧਾਉਣ ਲਈ ਇੱਕ ਵਿਆਪਕ ਰਣਨੀਤੀ ਦਾ ਹਿੱਸਾ ਹੈ। ਇਸ ਵਿੱਚ ਸਖ਼ਤ ਵਿਦੇਸ਼ੀ ਮੈਡੀਕਲ ਗ੍ਰੈਜੂਏਟ ਲਾਇਸੈਂਸੀਏਟ ਨਿਯਮ ਅਤੇ ਐਫਐਮਜੀਈ (ਵਿਦੇਸ਼ੀ ਮੈਡੀਕਲ ਗ੍ਰੈਜੂਏਟ ਪ੍ਰੀਖਿਆ) ਵਰਗੀਆਂ ਲਾਜ਼ਮੀ ਸਕ੍ਰੀਨਿੰਗ ਪ੍ਰੀਖਿਆਵਾਂ ਸ਼ਾਮਲ ਹਨ, ਜਿਨ੍ਹਾਂ ਨੂੰ ਜਲਦੀ ਹੀ ਰਾਸ਼ਟਰੀ ਐਗਜ਼ਿਟ ਟੈਸਟ ਦੁਆਰਾ ਬਦਲਿਆ ਜਾਵੇਗਾ। ਕਮਿਸ਼ਨ ਨੇ 30 ਦਿਨਾਂ ਦੀ ਜਨਤਕ



ਸਲਾਹ-ਮਸ਼ਵਰੇ ਦੀ ਮਿਆਦ ਸ਼ੁਰੂ ਕੀਤੀ ਹੈ, ਜਿਸ ਵਿੱਚ ਇੱਕ ਸਮਰਪਿਤ ਈਮੇਲ ਆਈਡੀ ਰਾਹੀਂ ਇਤਰਾਜ਼ਾਂ ਅਤੇ ਸੁਝਾਵਾਂ ਨੂੰ ਸੱਦਾ ਦਿੱਤਾ ਗਿਆ ਹੈ, ਜੋ ਅੰਤਿਮ ਰੈਗੂਲੇਟਰੀ ਢਾਂਚੇ ਨੂੰ ਆਕਾਰ ਦੇਣ ਵਿੱਚ ਹਿੱਸੇਦਾਰਾਂ ਦੀ ਸ਼ਮੂਲੀਅਤ ਪ੍ਰਤੀ ਆਪਣੀ ਵਚਨਬੱਧਤਾ ਨੂੰ ਉਜਾਗਰ ਕਰਦਾ ਹੈ। ਇਸ ਜ਼ੋਰਦਾਰ ਰੁਖ਼ ਦਾ ਉਦੇਸ਼ ਭਾਰਤ ਦੀਆਂ ਸਿਹਤ ਸੰਭਾਲ ਜ਼ਰੂਰਤਾਂ ਲਈ ਇੱਕ ਸਮਾਨ ਯੋਗਤਾ ਪ੍ਰਾਪਤ ਮੈਡੀਕਲ ਕਾਰਜਬਲ ਨੂੰ ਯਕੀਨੀ ਬਣਾਉਣਾ ਹੈ।

**ਵਿਜੈ ਗਰਗ ਸੇਵਾਮੁਕਤ ਪ੍ਰਿੰਸੀਪਲ ਵਿਦਿਅਕ ਕਾਲਮਨਵੀਸ ਉੱਘੇ ਸਿੱਖਿਆ ਸ਼ਾਸਤਰੀ ਗਲੀ ਕੌਰ ਚੰਦ ਐਮ.ਐਚ.ਆਰ. ਮਲੋਟ ਪੰਜਾਬ**

# ਕੰਪਿਊਟਰ ਵਿਗਿਆਨ ਤੋਂ ਪਰੇ

ਵਿਜੈ ਗਰਗ

ਜਦੋਂ ਕਿ ਕੰਪਿਊਟਰ ਵਿਗਿਆਨ ਸਾਡੀ ਡਿਜੀਟਲ ਦੁਨੀਆ ਦੀ ਨੀਂਹ ਬਣਦਾ ਹੈ, ਇਸਦਾ ਅਸਲ ਪ੍ਰਭਾਵ ÷ਕੰਪਿਊਟਰ ਵਿਗਿਆਨ ਤੋਂ ਪਰੇ÷ ਬਹੁਤ ਦੂਰ ਤੱਕ ਫੈਲਿਆ ਹੋਇਆ ਹੈ, ਲਗਭਗ ਹਰ ਦੂਜੇ ਖੇਤਰ ਵਿੱਚ ਫੈਲਿਆ ਹੋਇਆ ਹੈ ਅਤੇ ਕ੍ਰਾਂਤੀ ਲਿਆ ਰਿਹਾ ਹੈ ਜਿਸਦੀ ਕਲਪਨਾ ਕੀਤੀ ਜਾ ਸਕਦੀ ਹੈ। ਇਸ ਵਿਆਪਕ ਪ੍ਰਭਾਵ ਨੂੰ ਕੁਝ ਮੁੱਖ ਲੈਂਸਾਂ ਰਾਹੀਂ ਵਿਆਪਕ ਤੌਰ 'ਤੇ ਸਮਝਿਆ ਜਾ ਸਕਦਾ ਹੈ:

ਲੋਕ ਬਾਣੀ

ਇੱਕ ਵਿਆਪਕ ਹੁਨਰ ਦੇ ਰੂਪ ਵਿੱਚ ਕੰਪਿਊਟੇਸ਼ਨਲ ਸੋਚ: ਕੰਪਿਊਟੇਸ਼ਨਲ ਸੋਚ, ਜਿਸ ਵਿੱਚ ਗੁੰਝਲਦਾਰ ਸਮੱਸਿਆਵਾਂ ਨੂੰ ਤੋੜਨਾ, ਪੈਟਰਨਾਂ ਨੂੰ ਪਛਾਣਨਾ, ਵੇਰਵਿਆਂ ਨੂੰ ਸੰਖੇਪ ਕਰਨਾ ਅਤੇ ਐਲਗੋਰਿਦਮ ਡਿਜ਼ਾਈਨ ਕਰਨਾ ਸ਼ਾਮਲ ਹੈ, ਸਿਰਫ ਪ੍ਰੋਗਰਾਮਰਾਂ ਲਈ ਨਹੀਂ ਹੈ। ਇਹ ਇੱਕ ਕੀਮਤੀ ਹੁਨਰ ਸੈੱਟ ਹੈ ਜੋ ਵਿਭਿੰਨ ਖੇਤਰਾਂ ਵਿੱਚ ਲਾਗੂ ਹੁੰਦਾ ਹੈ:

ਸਿਹਤ ਸੰਭਾਲ: ਹਸਪਤਾਲ ਦੇ ਵਰਕਫਲੋ ਨੂੰ ਅਨੁਕੂਲ ਬਣਾਉਣਾ, ਬਿਮਾਰੀ ਦੇ ਨਿਦਾਨ ਅਤੇ ਇਲਾਜ, ਦਵਾਈਆਂ ਦੀ ਖੋਜ, ਅਤੇ ਮੈਡੀਕਲ ਇਮੇਜਿੰਗ ਲਈ ਮਰੀਜ਼ਾਂ ਦੇ ਡੇਟਾ ਦਾ ਵਿਸ਼ਲੇਸ਼ਣ ਕਰਨਾ।

ਸਪਲਾਈ ਚੇਨ ਪ੍ਰਬੰਧਨ: ਕੁਸ਼ਲ ਰੂਟ ਡਿਜ਼ਾਈਨ ਕਰਨਾ, ਸਪਲਾਈ ਅਤੇ ਮੰਗ ਦੀ ਭਵਿੱਖਬਾਣੀ ਕਰਨਾ, ਅਤੇ ਵਸਤੂ ਸੂਚੀ ਦਾ ਪ੍ਰਬੰਧਨ ਕਰਨਾ।

ਖੇਤੀਬਾੜੀ: ਲਾਉਣਾ, ਫਸਲੀ ਚੱਕਰ, ਝੁੰਡ ਪ੍ਰਬੰਧਨ, ਸਿੰਚਾਈ ਅਤੇ ਕੀਟ ਨਿਯੰਤਰਣ ਦੀ ਰਣਨੀਤੀ ਬਣਾਉਣਾ।

ਪੁਲਾੜ ਖੋਜ: ਮਿਸ਼ਨਾਂ ਦੀ ਯੋਜਨਾ ਬਣਾਉਣਾ, ਟ?ਰੈਜੈਕਟਰੀਆਂ ਦੀ ਗਣਨਾ ਕਰਨਾ, ਅਤੇ ਸੈਟੇਲਾਈਟ ਡੇਟਾ ਦਾ ਵਿਸ਼ਲੇਸ਼ਣ ਕਰਨਾ।

ਊਰਜਾ ਉਦਯੋਗ: ਊਰਜਾ ਵੰਡ ਨੂੰ ਅਨੁਕੂਲ ਬਣਾਉਣਾ ਅਤੇ ਹਰੀ ਊਰਜਾ ਹੱਲ ਡਿਜ਼ਾਈਨ ਕਰਨਾ।

ਮੌਸਮ ਵਿਗਿਆਨ: ਮੌਸਮ ਦੇ ਪੈਟਰਨਾਂ ਦੀ ਨਕਲ ਅਤੇ ਭਵਿੱਖਬਾਣੀ ਕਰਨਾ।

ਅਪਰਾਧਿਕ ਨਿਆਂ: ਅਪਰਾਧ ਦੀ ਰੋਕਥਾਮ ਲਈ ਫੋਰੈਂਸਿਕ ਜਾਂਚ, ਕਾਨੂੰਨੀ ਕਾਰਵਾਈਆਂ ਅਤੇ ਡੇਟਾ ਵਿਸ਼ਲੇਸ਼ਣ।

ਵਾਤਾਵਰਣ ਸੰਭਾਲ: ਵਾਤਾਵਰਣ ਸੰਬੰਧੀ ਡੇਟਾ ਦਾ ਵਿਸ਼ਲੇਸ਼ਣ ਕਰਨਾ, ਜੰਗਲੀ ਜੀਵਾਂ ਨੂੰ ਟਰੈਕ ਕਰਨਾ, ਅਤੇ ਨਿਵਾਸ ਸਥਾਨ ਸੰਭਾਲ ਰਣਨੀਤੀਆਂ ਵਿਕਸਤ ਕਰਨਾ।

ਵਿੱਤ ਅਤੇ ਵਪਾਰਕ ਖੁਫੀਆ ਜਾਣਕਾਰੀ: ਡੇਟਾ-ਅਧਾਰਤ ਰਣਨੀਤੀ, ਜੋਖਮ ਮੁਲਾਂਕਣ, ਅਤੇ ਮਾਰਕੀਟ ਵਿਸ਼ਲੇਸ਼ਣ।

ਸਿੱਖਿਆ: ਵਿਅਕਤੀਗਤ ਸਿੱਖਣ ਦੇ ਸਾਧਨਾਂ ਨੂੰ ਡਿਜ਼ਾਈਨ ਕਰਨਾ ਅਤੇ ਵਿਸ਼ਿਆਂ ਵਿੱਚ ਸਮੱਸਿਆ-ਹੱਲ ਨੂੰ ਵਧਾਉਣਾ।

ਹੋਰ ਵਿਗਿਆਨਾਂ (ਅਤੇ ਇਸ ਤੋਂ ਪਰੇ) ਵਿੱਚ ਸਿੱਧੇ ਉਪਯੋਗ: ਕੰਪਿਊਟਰ ਵਿਗਿਆਨ ਸਿਰਫ਼ ਇੱਕ ਔਜ਼ਾਰ ਨਹੀਂ ਹੈ; ਇਹ ਵਿਗਿਆਨਕ ਖੋਜ ਅਤੇ ਵਿਹਾਰਕ ਨਵੀਨਤਾ ਵਿੱਚ ਇੱਕ ਬੁਨਿਆਦੀ ਭਾਈਵਾਲ ਹੈ:

ਜੀਵ ਵਿਗਿਆਨ ਅਤੇ ਦਵਾਈ (ਕੰਪਿਊਟੇਸ਼ਨਲ ਜੀਵ ਵਿਗਿਆਨ/ਬਾਇਓਇਨਫਾਰਮੈਟਿਕਸ):


ਡੇਟਾ ਵਿਸ਼ਲੇਸ਼ਣ: ਜੀਨੋਮਿਕਸ (ਡੀਐਨਏ ਸੀਕੁਐਂਸਿੰਗ), ਪ੍ਰੋਟੀਓਮਿਕਸ (ਪ੍ਰੋਟੀਨ ਬਣਤਰ), ਅਤੇ ਜੀਨ ਪ੍ਰਗਟਾਵੇ ਤੋਂ ਵੱਡੇ ਡੇਟਾਸੈੱਟਾਂ ਨੂੰ ਸੰਭਾਲਣਾ।

ਮਾਡਲਿੰਗ ਅਤੇ ਸਿਮੂਲੇਸ਼ਨ: ਅਣੂਆਂ ਤੋਂ ਲੈ ਕੇ ਅੰਗਾਂ ਤੱਕ, ਉਨ੍ਹਾਂ ਦੇ ਵਿਵਹਾਰ ਨੂੰ ਸਮਝਣ ਲਈ ਜੈਵਿਕ ਪ੍ਰਣਾਲੀਆਂ ਦੇ ਵਰਚੁਅਲ ਮਾਡਲ ਬਣਾਉਣਾ।

ਡਰੱਗ ਖੋਜ: ਮਿਸ਼ਰਣਾਂ ਦੀ ਵਰਚੁਅਲ ਸਕ੍ਰੀਨਿੰਗ, ਡਰੱਗ ਦੀ ਪ੍ਰਭਾਵਸ਼ੀਲਤਾ ਅਤੇ ਸੁਰੱਖਿਆ ਦੀ ਭਵਿੱਖਬਾਣੀ ਕਰਨਾ।

ਮੈਡੀਕਲ ਇਮੇਜਿੰਗ: ਐਕਸ-ਰੇ, ਸੀਟੀ ਸਕੈਨ, ਅਤੇ ਐਮਆਰਆਈ ਦੀ ਪ੍ਰਕਿਰਿਆ ਅਤੇ ਵਿਆਖਿਆ।

ਨਿਦਾਨ ਅਤੇ ਇਲਾਜ: ਬਿਮਾਰੀ ਦੇ ਪੈਟਰਨਾਂ ਦੀ ਪਛਾਣ ਕਰਨਾ, ਸਿਹਤ ਸਮੱਸਿਆਵਾਂ ਦੀ ਭਵਿੱਖਬਾਣੀ ਕਰਨਾ, ਅਤੇ ਰੋਬੋਟਿਕ ਸਰਜਰੀ ਨੂੰ ਵੀ ਸਮਰੱਥ ਬਣਾਉਣਾ।



ਭੌਤਿਕ ਵਿਗਿਆਨ ਅਤੇ ਰਸਾਇਣ ਵਿਗਿਆਨ: ਪਰਮਾਣੂ ਅਤੇ ਉਪ-ਪਰਮਾਣੂ ਪਰਸਪਰ ਕ੍ਰਿਆਵਾਂ, ਪਦਾਰਥ ਵਿਗਿਆਨ, ਅਤੇ ਕੁਆਂਟਮ ਕੰਪਿਊਟਿੰਗ ਖੋਜ ਦੇ ਗੁੰਝਲਦਾਰ ਸਿਮੂਲੇਸ਼ਨ।

ਇੰਜੀਨੀਅਰਿੰਗ: ਗੁੰਝਲਦਾਰ ਪ੍ਰਣਾਲੀਆਂ ਨੂੰ ਡਿਜ਼ਾਈਨ ਕਰਨਾ ਅਤੇ ਨਕਲ ਕਰਨਾ, ਪ੍ਰਕਿਰਿਆਵਾਂ ਨੂੰ ਅਨੁਕੂਲ ਬਣਾਉਣਾ, ਅਤੇ ਢਾਂਚਾਗਤ ਇਕਸਾਰਤਾ ਦਾ ਵਿਸ਼ਲੇਸ਼ਣ ਕਰਨਾ।

ਸਮਾਜਿਕ ਵਿਗਿਆਨ (ਕੰਪਿਊਟੇਸ਼ਨਲ ਸਮਾਜਿਕ ਵਿਗਿਆਨ):

ਡਿਜੀਟਲ ਪੈਰਾਂ ਦੇ ਨਿਸ਼ਾਨਾਂ ਦਾ ਵਿਸ਼ਲੇਸ਼ਣ: ਸੋਸ਼ਲ ਮੀਡੀਆ ਇੰਟਰੈਕਸ਼ਨਾਂ ਅਤੇ ਔਨਲਾਈਨ ਗਤੀਵਿਧੀਆਂ ਰਾਹੀਂ ਮਨੁੱਖੀ ਵਿਵਹਾਰ, ਸਮਾਜਿਕ ਰੁਝਾਨਾਂ ਅਤੇ ਸਮੂਹ ਗਤੀਸ਼ੀਲਤਾ ਨੂੰ ਸਮਝਣਾ।

ਨੈੱਟਵਰਕ ਵਿਸ਼ਲੇਸ਼ਣ: ਵਿਅਕਤੀਆਂ ਅਤੇ ਸਮੂਹਾਂ ਵਿਚਕਾਰ ਸਬੰਧਾਂ ਅਤੇ ਜਾਣਕਾਰੀ ਦੇ ਪ੍ਰਵਾਹ ਦਾ ਅਧਿਐਨ ਕਰਨਾ।

ਵਿਵਹਾਰਕ ਮਾਡਲਿੰਗ: ਵੱਖ-ਵੱਖ ਸੰਦਰਭਾਂ (ਜਿਵੇਂ ਕਿ ਅਰਥ ਸ਼ਾਸਤਰ, ਰਾਏ ਗਤੀਸ਼ੀਲਤਾ) ਵਿੱਚ ਮਨੁੱਖੀ ਵਿਵਹਾਰ ਦੀ ਭਵਿੱਖਬਾਣੀ ਅਤੇ ਨਕਲ ਕਰਨਾ।

ਸਮਾਜਿਕ ਚੁਣੌਤੀਆਂ ਨੂੰ ਹੱਲ ਕਰਨਾ: ਗਲਤ ਜਾਣਕਾਰੀ ਨੂੰ ਟਰੈਕ ਕਰਨਾ, ਸਮਾਜਿਕ ਅੰਦੋਲਨਾਂ ਨੂੰ ਸਮਝਣਾ, ਅਤੇ ਨੀਤੀਗਤ ਫੈਸਲਿਆਂ ਨੂੰ ਸੂਚਿਤ ਕਰਨਾ।

ਮਨੁੱਖਤਾ: ਡਿਜੀਟਲ ਮਨੁੱਖਤਾ ਪ੍ਰੋਜੈਕਟ ਜਿਸ ਵਿੱਚ ਟੈਕਸਟ ਵਿਸ਼ਲੇਸ਼ਣ,



ਇਤਿਹਾਸਕ ਡੇਟਾ ਵਿਜ਼ੂਅਲਾਈਜ਼ੇਸ਼ਨ, ਅਤੇ ਸੱਭਿਆਚਾਰਕ ਵਿਰਾਸਤ ਦੀ ਸੰਭਾਲ ਸ਼ਾਮਲ ਹੈ।

ਕਲਾ ਅਤੇ ਡਿਜ਼ਾਈਨ: ਜਨਰੇਟਿਵ ਆਰਟ, ਕੰਪਿਊਟੇਸ਼ਨਲ ਡਿਜ਼ਾਈਨ, ਐਨੀਮੇਸ਼ਨ, ਅਤੇ ਫਿਲਮ ਵਿੱਚ ਵਿਸ਼ੇਸ਼ ਪ੍ਰਭਾਵ।

ਏਆਈ ਅਤੇ ਮਸ਼ੀਨ ਲਰਨਿੰਗ ਦੀ ਪਰਿਵਰਤਨਸ਼ੀਲ ਸ਼ਕਤੀ: ਕੰਪਿਊਟਰ ਵਿਗਿਆਨ ਦਾ ਇੱਕ ਉਪ-ਖੇਤਰ, ਆਰਟੀਫੀਸ਼ੀਅਲ ਇੰਟੈਲੀਜੈਂਸ, ਗੈਰ-CS ਡੋਮੇਨਾਂ ਵਿੱਚ ਖਾਸ ਤੌਰ 'ਤੇ ਪ੍ਰਭਾਵਸ਼ਾਲੀ ਹੈ:

ਸਿਹਤ ਸੰਭਾਲ: ਏਆਈ-ਸੰਚਾਲਿਤ ਡਾਇਗਨੌਸਟਿਕਸ, ਵਿਅਕਤੀਗਤ ਇਲਾਜ ਯੋਜਨਾਵਾਂ, ਦਵਾਈਆਂ ਦਾ ਵਿਕਾਸ, ਅਤੇ ਬਿਮਾਰੀ ਦੇ ਫੈਲਣ ਦੀ ਭਵਿੱਖਬਾਣੀ ਕਰਨਾ।

ਮਾਰਕੀਟਿੰਗ: ਖਪਤਕਾਰਾਂ ਦੇ ਵਿਵਹਾਰ, ਨਿਸ਼ਾਨਾਬੱਧ ਇਸ਼ਤਿਹਾਰਬਾਜ਼ੀ, ਅਤੇ ਏਆਈ-ਸੰਚਾਲਿਤ ਚੈਟਬੋਟਸ ਦਾ ਵਿਸ਼ਲੇਸ਼ਣ ਕਰਨਾ।

ਖੇਤੀਬਾੜੀ: ਫਸਲਾਂ ਦੀ ਪੈਦਾਵਾਰ ਨੂੰ ਅਨੁਕੂਲ ਬਣਾਉਣਾ, ਸ਼ੁੱਧ ਖੇਤੀ, ਅਤੇ ਪਸ਼ੂਆਂ ਦੀ ਨਿਗਰਾਨੀ।

ਭੂ-ਵਿਗਿਆਨ: ਸਮੁੰਦਰ ਦੇ ਪੱਧਰ ਦੇ ਵਾਧੇ ਦੀਆਂ ਭਵਿੱਖਬਾਣੀਆਂ ਵਿੱਚ ਸੁਧਾਰ ਕਰਨਾ, ਭੂਚਾਲ ਸੰਬੰਧੀ ਡੇਟਾ ਦਾ ਵਿਸ਼ਲੇਸ਼ਣ ਕਰਨਾ, ਅਤੇ ਭੂਮੀਗਤ ਸਥਿਤੀਆਂ ਨੂੰ ਸਮਝਣਾ।

ਵਿੱਤ: ਐਲਗੋਰਿਦਮਿਕ ਵਪਾਰ, ਧੋਖਾਧੜੀ ਦਾ ਪਤਾ ਲਗਾਉਣਾ, ਅਤੇ ਜੋਖਮ ਪ੍ਰਬੰਧਨ।

ਕਾਨੂੰਨ: ਕਾਨੂੰਨੀ ਖੋਜ, ਇਕਰਾਰਨਾਮੇ ਦਾ ਵਿਸ਼ਲੇਸ਼ਣ, ਅਤੇ ਕੇਸ ਦੇ ਨਤੀਜਿਆਂ ਦੀ ਭਵਿੱਖਬਾਣੀ ਕਰਨਾ।

ਸਿੱਖਿਆ: ਵਿਅਕਤੀਗਤ ਸਿਖਲਾਈ ਪਲੇਟਫਾਰਮ, ਬੁੱਧੀਮਾਨ ਟਿਊਸ਼ਨ ਪ੍ਰਣਾਲੀਆਂ, ਅਤੇ ਸਵੈਚਾਲਿਤ ਗਰੇਡਿੰਗ।

ਗਾਹਕ ਸੇਵਾ: ਏਆਈ ਚੈਟਬੋਟ ਅਤੇ ਵਰਚੁਅਲ ਸਹਾਇਕ। ਸੰਖੇਪ ਵਿੱਚ, ਕੰਪਿਊਟਰ ਵਿਗਿਆਨ, ਅਤੇ ਖਾਸ ਕਰਕੇ ਕੰਪਿਊਟੇਸ਼ਨਲ ਸੋਚ ਅਤੇ ਏਆਈ, ਔਜ਼ਾਰਾਂ ਦਾ ਇੱਕ ਸ਼ਕਤੀਸ਼ਾਲੀ ਸੈੱਟ ਅਤੇ ਸਮੱਸਿਆਵਾਂ ਤੱਕ ਪਹੁੰਚਣ ਦਾ ਇੱਕ ਨਵਾਂ ਤਰੀਕਾ ਪ੍ਰਦਾਨ ਕਰਦਾ ਹੈ ਜੋ ਰਵਾਇਤੀ ਅਨੁਸ਼ਾਸਨੀ ਸੀਮਾਵਾਂ ਨੂੰ ਪਾਰ ਕਰਦਾ ਹੈ। ਇਹ ਸਾਨੂੰ ਵੱਡੀ ਮਾਤਰਾ ਵਿੱਚ ਡੇਟਾ ਦੀ ਪ੍ਰਕਿਰਿਆ ਕਰਨ, ਗੁੰਝਲਦਾਰ ਕਾਰਜਾਂ ਨੂੰ ਸਵੈਚਾਲਿਤ ਕਰਨ, ਗੁੰਝਲਦਾਰ ਪ੍ਰਣਾਲੀਆਂ ਦੀ ਨਕਲ ਕਰਨ, ਅਤੇ ਉਹਨਾਂ ਸੂਝਾਂ ਨੂੰ ਉਜਾਗਰ ਕਰਨ ਦੇ ਯੋਗ ਬਣਾਉਂਦਾ ਹੈ ਜੋ ਪਹਿਲਾਂ ਪ੍ਰਾਪਤ ਕਰਨਾ ਅਸੰਭਵ ਸੀ, ਸਮਾਜ ਦੇ ਸਾਰੇ ਪਹਿਲੂਆਂ ਵਿੱਚ ਨਵੀਨਤਾ ਅਤੇ ਤਰੱਕੀ ਨੂੰ ਅੱਗੇ ਵਧਾਉਂਦਾ ਹੈ।

**ਵਿਜੈ ਗਰਗ ਸੇਵਾਮੁਕਤ ਪ੍ਰਿੰਸੀਪਲ**
**ਵਿਦਿਅਕ ਕਾਲਮਨਵੀਸ ਉੱਘੇ ਸਿੱਖਿਆ**
**ਸ਼ਾਸਤਰੀ ਗਲੀ ਕੌਰ ਚੰਦ**
**ਐਮ.ਐਚ.ਆਰ. ਮਲੋਟ ਪੰਜਾਬ**